

ਸਾਵਣ • ਜੁਲਾਈ-ਅਗਸਤ 2021 • ਸੈਂਚੀ 01 • ਅੰਕ 01

ਜੇ "ਗੌੜੀਆਂ"
ਦੂਰਦ ਲਾਪ ਮੀਂਗ
ਪੌਦ ਤਾਂ ਸਾੜ੍ਹੇ
ਪਿਤ ਮੇਰਾ
ਨਾ ਪੌਂਦਾ

ਕਰਾਮਾਤ

ਸਆਦਤ ਹਸਨ ਮੰਟੋ



ਲੁੱਟਿਆ ਹੋਇਆ ਮਾਲ ਬਰਾਮਦ ਕਰਨ ਲਈ ਪੁਲਿਸ ਨੇ ਛਾਪੇ ਮਾਰਨੇ ਸ਼ੁਰੂ ਕੀਤੇ।

ਲੋਕ ਡਰ ਦੇ ਮਾਰੇ ਲੁੱਟਿਆ ਹੋਇਆ ਮਾਲ ਰਾਤ ਦੇ ਹਨੇਰੇ ਵਿੱਚ ਬਾਹਰ ਸੁੱਟਣ ਲੱਗੇ, ਕੁੱਝ ਇਹੋ ਜਿਹੇ ਵੀ ਸਨ ਜਿਨ੍ਹਾਂ ਨੇ ਆਪਣਾ ਮਾਲ ਵੀ ਮੌਕਾ ਵੇਖ ਕੇ ਆਪਣੇ ਤੋਂ ਦੂਰ ਕਰ ਦਿੱਤਾ, ਤਾਂ ਜੋ ਕਨੂੰਨ ਦੀ ਪਕੜ ਤੋਂ ਬਚੇ ਰਹਿਣ।

ਇੱਕ ਬੰਦੇ ਨੂੰ ਬੜੀ ਦਿੱਕਤ ਪੇਸ਼ ਆਈ। ਓਹਦੇ ਕੋਲ ਸ਼ੱਕਰ ਦੀਆਂ ਦੋ ਬੋਰੀਆਂ ਸਨ ਜੋ ਉਸਨੇ ਕਰਿਆਨੇ ਦੀ ਦੁਕਾਨ ਤੋਂ ਲੁੱਟੀਆਂ ਸਨ। ਇੱਕ ਤਾਂ ਉਹ ਜਿਵੇਂ-ਤਿਵੇਂ ਰਾਤ ਦੇ ਹਨੇਰੇ 'ਚ ਨੇੜੇ ਦੇ ਖੂਹ ਵਿੱਚ ਸੁੱਟ ਆਇਆ, ਪਰ ਜਦੋਂ ਦੂਸਰੀ ਉਸ 'ਚ ਸੁੱਟਣ ਲੱਗਾ ਤਾਂ ਆਪ ਵੀ ਨਾਲ ਹੀ ਚਲਾ ਗਿਆ।

ਰੌਲਾ ਸੁਣ ਕੇ ਲੋਕ ਇਕੱਠੇ ਹੋ ਗਏ। ਖੂਹ 'ਚ ਰੱਸੀਆਂ ਪਾਈਆਂ ਗਈਆਂ। ਜਵਾਨ ਲੋਕ ਹੇਠਾਂ ਉਤਰੇ ਤੇ ਉਸ ਬੰਦੇ ਨੂੰ ਬਾਹਰ ਕੱਢ ਲਿਆ ਗਿਆ।

ਪਰ ਕੁੱਝ ਹੀ ਘੰਟਿਆਂ ਬਾਅਦ ਉਹ ਮਰ ਗਿਆ।

ਦੂਜੇ ਦਿਨ ਜਦੋਂ ਲੋਕਾਂ ਨੇ ਇਸਤੇਮਾਲ ਲਈ ਉਸ ਖੂਹ ਵਿੱਚੋਂ ਪਾਣੀ ਕੱਢਿਆ ਤਾਂ ਉਹ ਮਿੱਠਾ ਸੀ।

ਉਸੇ ਰਾਤ ਉਸ ਬੰਦੇ ਦੀ ਕਬਰ 'ਤੇ ਦੀਵੇ ਜਗਦੇ ਪਏ ਸਨ। ■

ਤਤਕਰਾ


ਹਰ ਤੀਰ ↗ ਇੱਕ ਬਟਨ ਹੈ



06 ↗ ਸ਼ਿਵ ਕੁਮਾਰ ਬਟਾਲਵੀ ਦੀ ਕਹਾਣੀ




18 ↗ ਕਿਸਾਨ ਤੇ ਸ਼ੈਤਾਨ



22 ↗ ਬੇਪਰਵਾਹ: ਰੱਬੀ ਸ਼ੇਰਗਿੱਲ



26 ↗ ਵਿਆਹ ਦਾ ਕਾਰਨ



29 ↗ ਇੱਕ ਮਜ਼ਾਕ: ਐਂਟਨ ਚੈਕੋਵ



34 ↗ ਏਮੀ


ਰਵੀਨਾ ਕੌਰ ਤੂਰ

ਐਲਬਰਟਾ, ਕੈਨੇਡਾ
ਡਿਜਿਟਲ ਚਿੱਤਰਕਾਰੀ

















ਸ਼ਿਵ

ਬੁੱਲ੍ਹੇ ਵਰਗਾ ਉਹ ਮਸਤ-ਮਲੰਗ, ਪੂਰਨ ਸਿੰਘ ਵਰਗਾ ਅਲਬੇਲਾ। ਬਟਾਲੇ ਸ਼ਹਿਰ ਦਾ ਨਾਂ ਸ਼ਾਹ ਮੁਹੰਮਦ ਪਿੱਛੋਂ ਇਕੇਰਾਂ ਫੇਰ ਕਾਵਿ-ਜਗਤ ਵਿੱਚ ਉੱਚਾ ਕਰਨ ਵਾਲੇ ਦੀ ਜੀਵਨੀ, 1981 ਵਿੱਚ ਡਾ. ਮਨਜੀਤ ਸਿੰਘ ਦੇ ਸ਼ੋਧ-ਪਰਬੰਧ "ਸ਼ਿਵ ਕੁਮਾਰ ਬਟਾਲਵੀ, ਜੀਵਨ, ਰਚਨਾ, ਅਤੇ ਪੰਜਾਬੀ ਸਾਹਿਤ ਵਿੱਚ ਸਥਾਨ" ↗ ਉੱਤੇ ਅਧਾਰਿਤ।



• ਆਪਣੀ ਬੇਟੀ ਪੂਜਾ ਨਾਲ ਸ਼ਿਵ



• ਆਪਣੇ ਬੇਟੇ ਮੇਹਰਬਾਨ ਨਾਲ ਸ਼ਿਵ


ਸ਼ਿਵ ਕੁਮਾਰ 'ਬਟਾਲਵੀ' ਦਾ ਜਨਮ ਜੁਲਾਈ 23, 1936, ਦਿਨ ਵੀਰਵਾਰ (5 ਸਾਉਣ, 1993 ਸੰਮਤ) ਨੂੰ ਪਿਤਾ ਕ੍ਰਿਸ਼ਨ ਗੋਪਾਲ ਦੇ ਘਰ ਮਾਤਾ ਸ਼ਾਂਤੀ ਦੇਵੀ ਦੀ ਕੁੱਖੋਂ, ਬੜਾ ਪਿੰਡ ਲੋਹਟੀਆਂ, ਤਹਿਸੀਲ ਸ਼ਕਰਗੜ੍ਹ (ਹੁਣ ਪਾਕਿਸਤਾਨ) ਵਿਖੇ ਹੋਇਆ। ਉਸਦੀ ਜਨਮ-ਮਿਤੀ ਵਾਰੇ ਮਤਭੇਦ ਹੈ ਕਿਉਂਕਿ ਕੁੱਝ ਲੋਕ ਉਸਦੇ ਸਕੂਲ ਦੇ ਰਜਿਸਟਰ ਵਿੱਚ ਲਿਖੀ ਤਰੀਕ 8 ਅਕਤੂਬਰ, 1937 ਨੂੰ ਸਹੀ ਮੰਨਦੇ ਹਨ। ਪਰ ਸ਼ਿਵ ਦੀ ਜਨਮ ਪੱਤਰੀ ਦੇ ਮੁਤਾਬਿਕ ਉਹ ਜੁਲਾਈ 23 ਨੂੰ ਪੈਦਾ ਹੋਏ ਸਨ।

ਸ਼ਿਵ ਕੁਮਾਰ ਦੇ ਤਿੰਨ ਭਰਾ ਤੇ ਦੋ ਭੈਣਾਂ ਸਨ। ਪਿੰਡ ਦੀ ਤੇਲੀਆਂ ਵਾਲੀ ਗਲੀ ਵਿੱਚ ਉਹਨਾਂ ਦਾ ਘਰ ਸੀ। ਉਹ ਬਚਪਨ ਤੋਂ ਹੀ ਆਪਣੇ ਵਿੱਚ ਮਸਤ ਰਹਿੰਦਾ, ਇੱਕਲਾ ਹੀ ਖੇਡਦਾ ਰਹਿੰਦਾ ਤੇ ਕਈ ਵਾਰ ਆਪਣੇ ਪਿੰਡ ਨੇੜਿਓਂ ਲੰਘਦੀ ਬਸੰਤਰ ਨਦੀ ਦੇ ਕੰਢੇ ਦੂਰ ਚਲਾ ਜਾਂਦਾ, ਤਿਤਲੀਆਂ ਫੜਦਾ, ਉਹਨਾਂ ਨੂੰ ਪਰੋ ਕੇ ਗਲ੍ਹ ਵਿੱਚ ਹਾਰ ਪਾਉਂਦਾ, ਹੱਥ ਵਿੱਚ ਗੁਲੇਲ ਲਈ ਫ਼ਿਰਦਾ, ਕਬੂਤਰਾਂ ਦੇ ਮਗਰ ਨਿਸ਼ਾਨੇਬਾਜ਼ੀ ਕਰਦਾ, ਦੀਨੇ ਨਾਂ ਦੇ ਮੁੰਡੇ ਨੂੰ ਨਾਲ ਲਈ ਫਿਰਦਾ, ਅਤੇ ਜਦ ਥੱਕ ਜਾਂਦਾ ਤਾਂ ਬਸੰਤਰ ਨਦੀ ਦੇ ਕੰਢੇ ਠੰਡੀ ਰੇਤ 'ਤੇ ਹੀ ਲੇਟ ਜਾਂਦਾ ਸੀ। ਕੋਈ ਉਸਦੀ ਮਾਂ ਨੂੰ ਦੱਸਦਾ ਤਾਂ ਉਹ ਸੁੱਤੇ ਪਏ ਸ਼ਿਵ ਨੂੰ ਕੁੱਛੜ ਚੁੱਕ ਲਿਆਉਂਦੇ।

ਉਹਨਾਂ ਦੇ ਪਿੰਡ ਇੱਕ ਮਲੰਗ ਰਹਿੰਦਾ ਸੀ, ਜੋ ਸਿਰ ਤੇ ਪੈਰੋਂ ਨੰਗਾ ਪਿੰਡ 'ਚ ਘੁੰਮਦਾ ਰਹਿੰਦਾ, ਜਿੱਥੇ ਬੈਠਦਾ, ਬੈਠਾ ਹੀ ਰਹਿ ਜਾਂਦਾ। ਕਿਸੇ ਵੇਲੇ ਉਹ ਮਲੰਗ ਅਚਾਨਕ ਹੀ ਪਿੰਡ ਛੱਡ ਕੇ ਚਲਾ ਗਿਆ। ਪਿੰਡ ਦੇ ਲੋਕਾਂ ਨੂੰ ਸ਼ਿਵ ਵਿੱਚ ਉਸ ਮਲੰਗ ਵਾਲਿਆਂ ਆਦਤਾਂ ਦਿੱਖ ਰਹੀਆਂ ਸਨ। ਸ਼ਿਵ ਵੀ ਕੜਾਕੇ ਦੀ ਗਰਮੀ ਵਿੱਚ ਨੰਗ-ਮੁਨੰਗਾ ਹੀ ਕਿਸੇ ਕੰਧ ਨਾਲ ਢੋਹ ਲਗਾ ਕੇ ਸੌਂ ਜਾਂਦਾ, ਪਿੰਡ ਆਏ ਮਦਾਰੀਆਂ ਦੇ ਨਾਲ ਘੁੰਮਦਾ ਰਹਿੰਦਾ, ਪਿੰਡੋਂ ਦੂਰ ਰਾਸ ਵੇਖਣ ਚਲਾ ਜਾਂਦਾ। ਘਰ ਵਾਲੇ ਕਦੇ ਉਸਨੂੰ ਫ਼ਕੀਰਾਂ ਦੇ ਡੇਰੇ ਤੋਂ ਲੱਭ ਲਿਆਉਂਦੇ, ਕਦੇ ਦੇਰ ਰਾਤ ਕਿਸੇ ਭੱਠੀ 'ਤੇ ਬੈਠੇ ਅੱਗ ਸੇਕਦੇ ਨੂੰ। ਇਨ੍ਹਾਂ ਆਦਤਾਂ ਕਰਕੇ ਹੀ ਕਈ ਵਾਰੀ ਉਸਦੀ ਤਾੜਨਾ ਕੀਤੀ ਗਈ।

ਸ਼ਿਵ ਨੂੰ ਪਿੰਡ ਹੀ ਪ੍ਰਾਇਮਰੀ ਸਕੂਲ ਵਿੱਚ ਪੜ੍ਹਨਾ ਪਾ ਦਿੱਤਾ ਗਿਆ। ਉਸਦਾ ਧਿਆਨ ਪੜ੍ਹਾਈ ਵਿੱਚ ਨਾ ਲੱਗਦਾ। ਸਕੂਲ ਦੇ ਬੱਚੇ ਉਸ ਕੋਲੋਂ ਡਰਦੇ ਤੇ ਉਸ ਨਾਲ ਖੇਡਣਾ ਨਾ-ਪਸੰਦ ਕਰਦੇ। ਪੜ੍ਹਾਈ ਵਿੱਚ ਰੁਚੀ ਨਾ ਹੋਣ ਦੇ ਬਾਵਜੂਦ ਉਸਨੇ ਵਜ਼ੀਫ਼ਾ ਲੈ ਕੇ ਚੌਥੀ ਜਮਾਤ ਪੂਰੀ ਕੀਤੀ। ਜਦੋਂ ਪਿਤਾ ਦੀ ਬਦਲੀ ਹੋਈ ਤਾਂ ਸਾਰਾ ਪਰਿਵਾਰ ਉਹਨਾਂ ਨਾਲ ਡੇਰਾ ਬਾਬਾ ਨਾਨਕ ਆ ਗਿਆ।

ਸ਼ਿਵ ਨੂੰ ਡੇਰਾ ਬਾਬਾ ਨਾਨਕ ਦੇ ਸਰਕਾਰੀ ਹਾਇਰ ਸੈਕੰਡਰੀ ਸਕੂਲ



• **ਸ਼ਿਵ ਕੁਮਾਰ ਦੀ ਜਨਮ ਪੱਤਰੀ**

ਵਿੱਚ ਪੰਜਵੀਂ ਜਮਾਤ ਵਿੱਚ ਦਾਖ਼ਲ ਕੀਤਾ ਗਿਆ। ਇੱਥੇ ਵੀ ਉਸਦਾ ਪੜ੍ਹਾਈ ਵਿੱਚ ਧਿਆਨ ਘੱਟ ਸੀ।। ਛੁੱਟੀ ਹੁੰਦੇ ਹੀ ਉਹ ਗੁਲੇਲ ਲੈ ਕੇ ਕਬੂਤਰ ਮਾਰਨ ਨਿੱਕਲ ਜਾਂਦਾ। ਉਸਨੂੰ ਕਬੂਤਰ ਪਾਲਣ ਦਾ ਵੀ ਸ਼ੌਂਕ ਸੀ, ਚਿੱਟੇ ਕਬੂਤਰਾਂ ਮਗਰ ਦੌੜਦਾ ਤੇ ਪਾਦਰੀ ਦੇ ਮੁੰਡੇ ਚਾਰਲੇ ਨਾਲ ਕਿੰਨਾ ਹੀ ਚਿਰ ਉਹਨਾਂ ਨੂੰ ਉੱਡਦੇ ਵੇਖਦਾ। ਆਪਣੇ ਹਾਣੀਆਂ ਵਿੱਚ ਬੈਠਾ ਚੁੱਪ ਹੀ ਰਹਿੰਦਾ। ਉਹਨਾਂ ਨਾਲ ਪਿੱਠੂ, ਕਦੇ ਗੁੱਲੀ ਡੰਡਾ ਤੇ ਸਰਦੀ ਵੇਲੇ ਬਾਂਟੇ ਖੇਡਦਾ। ਪਿਤਾ ਦੀ ਬਦਲੀ ਪਰਗਨਾ ਬਟਾਲਾ ਹੋ ਜਾਣ ਕਰਕੇ ਸ਼ਿਵ ਨੇ ਸਤਵੀਂ ਜਮਾਤ 'ਚ ਇਹ ਸਕੂਲ ਛੱਡ ਦਿੱਤਾ ਤੇ ਪਰਿਵਾਰ ਦੇ ਨਾਲ ਡੇਰਾ ਬਾਬਾ ਨਾਨਕ ਤੋਂ ਬਟਾਲਾ ਆ ਗਿਆ।

ਇੱਥੇ ਉਸਨੇ ਸਾਲਵੈਸ਼ਨ ਆਰਮੀ ਹਾਈ ਸਕੂਲ ਵਿੱਚ ਜੂਨ 14, 1950 ਨੂੰ ਅੱਠਵੀਂ ਜਮਾਤ ਹੇਠ ਦਾਖ਼ਲਾ ਲਿਆ। ਇੱਥੇ ਪੜ੍ਹਦਿਆਂ ਸ਼ਿਵ ਬਹੁਤ ਸ਼ਰਾਰਤੀ ਹੋ ਚੁੱਕਾ ਸੀ। ਆਪਣੇ ਵੱਡੇ ਭਰਾ ਦੁਆਰਕੇ ਤੋਂ ਇੱਕ ਜਮਾਤ ਪਿੱਛੇ, ਛੋਟੇ ਭਾਈ ਸੁਭਾਸ਼ ਤੋਂ ਇੱਕ ਜਮਾਤ ਅੱਗੇ, ਪਰ ਰੌਲਾ ਪਾਉਣ ਤੇ ਨਕਲਾਂ ਲਾਉਣ ਵਿੱਚ ਦੋਹਾਂ ਤੋਂ ਹੀ ਅੱਗੇ। ਉੱਥੇ ਪੜ੍ਹਦਿਆਂ ਹੀ ਸ਼ਿਵ ਪਾਦਰੀਆਂ ਦੀ ਇੱਕ ਕੁੜੀ ਵੱਲ ਖਿੱਚਿਆ ਗਿਆ।

ਇਸੇ ਸਕੂਲ ਵਿੱਚ ਉਸਨੇ 1953 ਵਿੱਚ ਦਸਵੀਂ ਦੀ ਪ੍ਰੀਖਿਆ 449 ਅੰਕ ਲੈ ਕੇ ਪਾਸ ਕੀਤੀ।

ਮਈ 26, 1953 ਨੂੰ ਸ਼ਿਵ ਨੇ ਬੇਰਿਅੰਗ ਕ੍ਰਿਸਚਿਅਨ ਕੌਲੇਜ, ਬਟਾਲਾ ਵਿਖੇ ਐਫ਼. ਐਸ. ਸੀ. ਵਿੱਚ ਦਾਖ਼ਲਾ ਲਿਆ ਤੇ ਵਿਸ਼ੇ ਚੁਣੇ: ਅੰਗ੍ਰੇਜ਼ੀ, ਹਿਸਾਬ, ਫਿਜ਼ਿਕਸ, ਕੈਮਿਸਟ੍ਰੀ ਤੇ ਹਿੰਦੀ ਅਖਤਿਆਰੀ।

ਸ਼ਿਵ ਦੇ ਗਲੇ ਵਿੱਚੋਂ ਹੁਣ ਮਧੁਰ ਆਵਾਜ਼ ਨਿਕਲਣ ਲੱਗੀ ਤੇ ਉਹ ਜਲਦੀ ਹੀ ਕਾਲਜ ਦਾ ਹਰਮਨ ਪਿਆਰਾ ਗਾਇਕ ਬਣ ਗਿਆ। ਹਰ ਮਹਿਫ਼ਿਲ 'ਤੇ ਉਸਨੂੰ ਸੱਦਿਆ ਜਾਂਦਾ। ਸ਼ਿਵ ਦੇ ਉਪਾਸਕਾਂ ਵਿੱਚ ਜਵਾਨ ਮੁੰਡੇ ਕੁੜੀਆਂ ਵੱਧ ਸਨ ਜੋ ਉਸਨੂੰ ਕੰਟੀਨ ਲੈ ਜਾਂਦੇ ਤੇ ਉਸਦਾ ਗੀਤ ਸੁਣ ਕੇ ਖੁਸ਼ ਹੁੰਦੇ।

ਪਾਬੰਦੀ ਵਿੱਚ ਰਹਿਣਾ ਸ਼ਿਵ ਦੇ ਵੱਸ ਦੀ ਗੱਲ ਨਹੀਂ ਸੀ। ਉਹ ਆਜ਼ਾਦ-ਤਬੀਅਤ ਦਾ ਮਾਲਕ ਤਾਂ ਆਪਣੀ ਹੀ ਰੌਂ ਵਿੱਚ ਵਿਚਰਦਾ। ਜਮਾਤ ਲਾਉਣ ਦਾ ਉਸਨੂੰ ਚੇਤਾ ਹੀ ਨਹੀਂ ਸੀ ਰਹਿੰਦਾ। ਉਸਦੇ ਸਹਿਪਾਠੀ ਜਮਾਤ ਵਿੱਚ ਵਿਗਿਆਨਕ ਸੰਸਾਰ ਵਿੱਚ ਉਡਾਰੀਆਂ ਮਾਰਦੇ ਤੇ ਉਹ ਕੰਟੀਨ 'ਤੇ ਬੈਠਾ ਆਪਣੇ ਰੰਗ ਵਿੱਚ ਗਾ ਰਿਹਾ ਹੁੰਦਾ। ਕੰਟੀਨ ਬੈਠਿਆਂ ਮਨ-ਮਰਜ਼ੀ ਦਾ ਖਾ-ਪੀ ਜਾਂਦਾ ਪਰ ਉਸ ਤੋਂ ਕਦੇ ਕਿਸੇ ਪੈਸੇ ਨਹੀਂ ਸਨ ਪੁੱਛੇ।

ਪ੍ਰਿੰਸੀਪਲ ਨੇ ਸ਼ਿਵ ਵਾਰੇ ਉਸਦੇ ਪਿਤਾ ਨੂੰ ਲਿਖ ਭੇਜਿਆ। ਪਰ ਸ਼ਿਵ ਦੇ ਕੰਨ 'ਤੇ ਕੋਈ ਜੂੰ ਨਾ ਸਰਕੀ। ਕੌਲੇਜ ਪੜ੍ਹਦਿਆਂ ਹੀ ਉਸਦੇ ਫੇਫੜਿਆਂ ਵਿੱਚ ਦਰਦ ਹੋਣ ਲੱਗ ਪਈ ਤੇ ਇਹ ਪੀੜ ਅੰਤਲੇ ਦਿਨਾਂ ਤੱਕ ਉਸ ਨਾਲ ਰਹੀ। ਅਧਿਆਪਕ ਉਸਨੂੰ ਪ੍ਰੇਰਦੇ ਪਰ ਉਸਨੂੰ ਪੜ੍ਹਾਈ ਦਾ ਉੱਕਾ ਖ਼ਿਆਲ ਨਾ ਰਹਿੰਦਾ। ਟਿਊਟਰ ਪ੍ਰੋ. ਨਿਹਾਲ ਸਿੰਘ ਨੇ ਉਸਦੀ ਰਿਪੋਰਟ ਸਮੇਂ ਲਿਖਿਆ ਕਿ ਸ਼ਿਵ ਪੜ੍ਹਾਈ ਵਿੱਚ ਕਮਜ਼ੋਰ



• ਸੋਭਾ ਸਿੰਘ (ਸ) ਨਾਲ ਸ਼ਿਵ

ਹੈ, ਜਮਾਤਾਂ ਵਿੱਚ ਗੈਰ-ਹਾਜ਼ਰ ਰਹਿੰਦਾ ਹੈ ਅਤੇ ਲੰਮੇ ਸਮੇਂ ਤੋਂ ਬਿਮਾਰ ਹੋਣ ਕਰਕੇ ਇਮਤਿਹਾਨ ਵਿੱਚ ਪਾਸ ਨਹੀਂ ਹੋ ਸਕਦਾ। ਇਸੇ ਅਣਗਹਿਲੀ ਕਰਕੇ ਉਹ ਪ੍ਰੀਖਿਆ ਨਾ ਦੇ ਸਕਿਆ ਤੇ ਮਈ 11, 1954 ਨੂੰ ਇਹ ਕਾਲਜ ਛੱਡ ਗਿਆ।

ਹੁਣ ਸ਼ਿਵ ਨੇ ਆਪਣਾ ਮਨ ਓਵਰਸੀਅਰ ਬਣਨ ਦਾ ਬਣਾਇਆ ਤੇ ਇਸ ਲਈ ਬੈਜਨਾਥ ਦਾਖ਼ਲਾ ਲਿਆ। ਬੈਜਨਾਥ ਦੇ ਮੇਲੇ ਵਿੱਚ ਸ਼ਿਵ ਨੂੰ ਮੀਨਾ ਮਿਲੀ। ਕੁੱਝ ਚਿਰ ਪਿੱਛੋਂ ਸ਼ਿਵ ਨੇ ਆਪਣੇ ਆਪ ਨੂੰ ਮੀਨਾ ਨੇੜੇ ਲਿਆਉਂਦਾ, ਆਪਣੀਆਂ ਭਾਵਨਾਵਾਂ ਤੋਂ ਉਸਨੂੰ ਜਾਣੂ ਕਰਵਾਇਆ ਤਾਂ ਮੀਨਾ ਵੀ ਸ਼ਿਵ ਨੇੜੇ ਹੋ ਗਈ। ਇਹ ਨੇੜਤਾ ਇੰਨੀ ਵੱਧ ਗਈ ਕਿ ਮੀਨਾ ਨੇ ਸ਼ਿਵ ਨਾਲ ਸਾਰੀ ਉਮਰ ਸਾਥ ਦੇਣ ਦੇ ਵਾਅਦੇ ਕੀਤੇ। ਇਨ੍ਹਾਂ ਦਿਨਾਂ ਵਿੱਚ ਜੋ ਸ਼ਿਵ ਨਾਲ ਵਾਪਰੀ ਉਸਦੀ ਥਾਹ ਕੋਈ ਨਹੀਂ ਪਾ ਸਕਦਾ। ਮਿਆਦੀ ਬੁਖ਼ਾਰ ਕਰਕੇ ਮੀਨਾ ਸੰਸਾਰ ਤੋਂ ਸਦਾ ਲਈ ਚਲੀ ਗਈ। ਇਸ ਵਿਛੋੜੇ ਦਾ ਜੋ ਅਸਰ ਸ਼ਿਵ 'ਤੇ ਹੋਇਆ, ਉਸ ਵਾਰੇ ਅੰਮ੍ਰਿਤਾ ਪ੍ਰੀਤਮ ਕਹਿੰਦੇ ਹਨ, "ਮੀਨਾ ਨੂੰ ਮਿਆਦੀ ਬੁਖ਼ਾਰ ਪਤਾ ਨਹੀਂ ਤੇਰ੍ਹਾਂ ਦਿਨ ਚੜ੍ਹਿਆ ਕਿ ਇੱਕੀ ਦਿਨ, ਪਰ ਮੀਨਾ ਦੇ ਸੋਗ ਵਿੱਚ ਸ਼ਿਵ ਨੂੰ ਵਿਛੋੜੇ ਦਾ ਉਹ ਮਿਆਦੀ ਬੁਖ਼ਾਰ ਹੋ ਗਿਆ, ਜਿਸ ਦੀ ਮਿਆਦ ਕਈ ਵਰ੍ਹੇ ਲੰਬੀ ਹੋ ਗਈ।"

ਸ਼ਿਵ ਦੀ ਸਥਿਤੀ ਹੁਣ ਫਿਰ ਬਚਪਨ ਵਾਲੀ ਹੋ ਗਈ। ਉਸ ਵਿੱਚ ਮਲੰਗ ਦੁਬਾਰਾ ਦਿਸਣ ਲੱਗਾ। ਇਸ ਘਟਨਾ ਦੇ ਅਸਰ ਕਰਕੇ ਉਸ ਨੇ ਊਲ-ਜਲੂਲ ਬੋਲਣਾ ਸ਼ੁਰੂ ਕਰ ਦਿੱਤਾ ਤੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ।

ਪੜ੍ਹਾਈ ਵਿੱਚ ਦਿਲ ਲੱਗਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਪੂਰੇ ਡੇਢ ਸਾਲ ਬਾਅਦ ਆਪਣਾ ਬੋਰੀ ਬਿਸਤਰ ਚੁੱਕ ਬੈਜਨਾਥ ਤੋਂ ਬਟਾਲੇ ਆ ਗਿਆ। ਘਰਦਿਆਂ ਨੇ ਆਉਣ ਦਾ ਕਾਰਨ ਪੁੱਛਿਆ ਤਾਂ ਕਹਿ ਦਿੱਤਾ ਕਿ ਕਾਲਜ ਹੀ ਟੁੱਟ ਗਿਆ ਹੈ, ਪਰ ਮੀਨਾ ਦੀ ਕੋਈ ਗੱਲ ਨਾ ਕਹੀ। ਪਹਾੜੀ ਇਲਾਕੇ ਦੇ ਵਸਨੀਕਾਂ ਦੀ ਰਹਿਣੀ-ਬਹਿਣੀ ਤੇ ਬੋਲੀ ਤੋਂ ਜਾਣੂ ਹੋ ਗਿਆ ਸੀ, ਬੈਜਨਾਥ ਰਹਿ ਕਿ ਸ਼ਿਵ ਨੇ ਆਪਣੇ ਗਿਆਨ ਵਿੱਚ ਇੰਨਾ ਕੁ ਵਾਧਾ ਜ਼ਰੂਰ ਕੀਤਾ। ਇਸੇ ਬੋਲੀ ਦੇ ਸ਼ਬਦਾਂ ਦਾ ਬਾਅਦ ਵਿੱਚ ਉਸ ਨੇ ਆਪਣੀ ਕਵਿਤਾ ਵਿੱਚ ਪ੍ਰਭਾਵਮਈ ਤਰੀਕੇ ਨਾਲ ਪ੍ਰਯੋਗ ਕੀਤਾ।

ਘਰਦਿਆਂ ਦੀ ਸਲਾਹ ਨਾਲ ਸ਼ਿਵ ਨੇ ਜੂਨ 2, 1956 ਨੂੰ ਸਿੱਖ ਨੈਸ਼ਨਲ ਕਾਲਜ, ਕਾਦੀਆਂ ਵਿਖੇ ਦਾਖ਼ਲਾ ਲਿਆ। ਉਸਦਾ ਮਨ ਇੱਥੇ ਵੀ ਪੜ੍ਹਾਈ 'ਚ ਨਾ ਲੱਗਦਾ, ਅੱਖਾਂ ਸਾਹਮਣੇ ਮੀਨਾ ਦੀ ਤਸਵੀਰ ਆਉਂਦੀ ਰਹਿੰਦੀ। ਕਿਤਾਬ ਤਾਂ ਕੋਲ ਕਦੇ ਕੋਈ ਹੁੰਦੀ ਨਹੀਂ ਸੀ, 'ਸ਼ਮ੍ਹਾਂ' ਅਤੇ 'ਬੀਸਵੀਂ ਸਦੀ' (ਉਰਦੂ ਰਸਾਲੇ) ਨਾਲ ਰੱਖਦਾ। ਗ਼ਜ਼ਲਾਂ ਸੁਣਾ ਕੇ ਸਾਥੀਆਂ ਦਾ ਦਿਲ ਲਾ ਛੱਡਦਾ।

ਸਾਥੀ ਉਸਨੂੰ ਘੇਰ ਕੇ ਬੈਠ ਜਾਂਦੇ ਤੇ ਉਹ ਕੌਲੇਜ ਦੇ ਖੁੱਲ੍ਹੇ ਮੈਦਾਨ ਵਿੱਚ ਬੈਠਾ ਉੱਚੀ ਸੁਰ ਵਿਚ ਉਨ੍ਹਾਂ ਦੀ ਫਰਮਾਇਸ਼ਾਂ ਪੂਰੀਆਂ ਕਰਦਾ। ਇੱਥੇ ਪੜ੍ਹਦਿਆਂ ਹੀ ਉਸਦਾ ਸੰਪਰਕ ਸੁਖਪਾਲਵੀਰ ਸਿੰਘ ਹਸਰਤ ਨਾਲ ਹੋਇਆ।

ਹਸਰਤ ਦੀ ਸੰਗਤ ਕਰਕੇ ਉਸਦਾ ਝੁਕਾਅ ਪੰਜਾਬੀ ਭਾਸ਼ਾ ਵੱਲ ਵਧੇਰੇ ਹੋਣ ਲੱਗਾ ਤੇ ਉਸਨੇ ਦਿਲਚਸਪੀ ਨਾਲ ਪੰਜਾਬੀ ਸਿੱਖ ਲਈ, ਪੰਜਾਬੀ-ਕਾਵਿ ਦਾ ਅਧਿਐਨ ਕੀਤਾ, ਪੰਜਾਬੀ ਕਵਿਤਾਵਾਂ ਸੁਣਾਉਣੀਆਂ ਸ਼ੁਰੂ ਕੀਤੀਆਂ। ਪਰ ਉਸ ਨੇ ਇਸ ਕਾਲਜ ਵੀ ਸਲਾਨਾ ਇਮਤਿਹਾਨ ਨਾ ਦਿੱਤਾ; ਜਿਵੇਂ ਗਿਆ, ਉਵੇਂ ਪਰਤ ਆਇਆ।

ਉਸਦੇ ਮਾਂ-ਪਿਓ ਇਨ੍ਹਾਂ ਕਰਤੂਤਾਂ ਕਰਕੇ ਦੁਖੀ ਸਨ ਕਿਉਂਕਿ ਸ਼ਿਵ ਦਾ ਵੱਡਾ ਭਰਾ ਦਸਵੀਂ ਪਾਸ ਕਰਕੇ ਪੰਜ ਸਾਲ ਤੋਂ ਪਟਵਾਰੀ ਸੀ ਤੇ ਸੱਤ-ਅੱਠ ਹਜ਼ਾਰ ਰੁਪਏ ਕਮਾ ਚੁੱਕਾ ਸੀ ਪਰ ਸ਼ਿਵ ਪੜ੍ਹਾਈ 'ਤੇ ਇੰਨ੍ਹੇ ਹੀ ਪੈਸੇ ਖ਼ਰਚ ਕੇ ਵੀ ਦਸਵੀਂ ਪਾਸ ਹੀ ਰਿਹਾ।

ਸਤੰਬਰ 1957 ਵਿੱਚ ਉਹ ਠਾਕਰਦੇਵੀ ਗਰਲਜ਼ ਹਾਈ ਸਕੂਲ, ਬਟਾਲਾ ਵਿਖੇ ਅਧਿਆਪਕ ਲੱਗ ਗਿਆ। ਇੱਥੇ ਦੀ ਇੱਕ ਸੁੰਦਰ ਅਧਿਆਪਕ ਨੂੰ ਬਹੁਤ ਵੱਡੀ ਉਮਰ ਦਾ ਪਤੀ ਮਿਲਿਆ ਸੀ, ਇਸ ਕਾਰਨ ਉਹ ਪਰੇਸ਼ਾਨ ਰਹਿੰਦੀ। ਸ਼ਿਵ ਨੂੰ ਉਸ ਕੁੜੀ ਨਾਲ ਹੋਏ ਅਨਿਆਂ 'ਤੇ ਤਰਸ ਆਉਂਦਾ, ਜੋ ਬਾਅਦ ਵਿੱਚ ਪਿਆਰ ਵਿੱਚ ਬਦਲ ਗਿਆ। ਪਰ ਇਹ ਨੇੜਤਾ ਜ਼ਿਆਦਾ ਦਿਨ ਨਾ ਰਹੀ ਕਿਉਂ ਜੋ ਲੜਕੀ ਦੇ ਦਿਓਰ ਉਸਨੂੰ ਉੱਤਰ-ਪ੍ਰਦੇਸ਼ ਲੈ ਗਏ। ਇਸ ਵਿਯੋਗ ਦਾ ਵੀ ਉਸ ਉੱਤੇ ਅਸਰ ਹੋਇਆ। ਕਈ ਹੋਰ ਲੜਕੀਆਂ ਵੀ ਸ਼ਿਵ ਦੀ ਜ਼ਿੰਦਗੀ ਵਿੱਚ ਇਸ ਸਮੇਂ ਆਈਆਂ ਜਿਨ੍ਹਾਂ ਨੇ ਸ਼ਿਵ ਕੋਲ਼ੋਂ ਕਵਿਤਾ ਲਿਖਵਾਈ।

ਅਕਤੂਬਰ 26, 1957 ਨੂੰ ਬੇਰੀਅੰਗ ਕੌਲੇਜ, ਬਟਾਲਾ ਵਿਖੇ ਇਕ ਸਮਾਗਮ ਵਿੱਚ ਪੰਜਾਬੀ ਦੇ ਮਸ਼ਹੂਰ ਕਵੀਆਂ, ਵਿਦਵਾਨਾਂ ਨੇ ਹਿੱਸਾ ਲਿਆ। ਇਸੇ ਹੀ ਮੰਚ 'ਤੇ ਸ਼ਿਵ ਨੇ ਪਹਿਲੀ ਵਾਰੀ ਆਪਣੇ ਹੱਥੀਂ ਲਿਖੇ ਗੀਤ ਸੁਣਾਏ। ਸਰੋਤਿਆਂ ਵਲੋਂ ਪ੍ਰਸ਼ੰਸਾ ਮਿਲੀ ਤੇ ਉਹ ਕਵੀ ਤੇ ਗਾਇਕ ਦੇ ਤੌਰ 'ਤੇ ਲੋਕ-ਹਿਰਦੇ ਵਿੱਚ ਵੱਸ ਗਿਆ।

ਪਰ ਇਸ ਬੋਲਬਾਲੇ ਦਾ ਬਟਾਲੇ ਦੇ ਕਵੀਆਂ 'ਤੇ ਉਲਟਾ ਹੀ ਅਸਰ ਹੋ ਗਿਆ। ਉਨ੍ਹਾਂ ਨੇ ਇਸ ਗੱਲ ਦਾ ਪ੍ਰਚਾਰ ਕੀਤਾ ਕਿ ਇਹ ਨਜ਼ਮਾਂ ਸ਼ਿਵ ਦੀਆਂ ਆਪਣੀਆਂ ਨਹੀਂ, ਉਸਦੇ ਦੇ ਹੱਥ ਕਿਸੇ ਸੂਫ਼ੀ ਕਵੀ ਦਾ ਕਲਾਮ ਲੱਗ ਗਿਐ ਅਤੇ ਸਬ ਰਚਨਾਵਾਂ ਉੱਥੋਂ ਕੱਢ-ਕੱਢ ਕੇ ਸੁਣਾ ਰਿਹੈ। ਦੂਜਾ ਵਿਚਾਰ ਸੀ ਕਿ ਸ਼ਿਵ ਕਿਸੇ ਬੁਜ਼ੁਰਗ ਤੋਂ ਕਵਿਤਾ ਲਿਖਵਾਉਂਦਾ ਹੈ।

ਅਪ੍ਰੈਲ, 1958 ਵਿੱਚ ਸਰਕਾਰ ਵੱਲੋਂ ਡਲਹੌਜ਼ੀ 'ਚ ਇੱਕ ਕਵੀ ਦਰਬਾਰ ਰੱਖਿਆ ਗਿਆ ਜਿਸ ਵਿੱਚ ਪੰਜਾਬੀ ਦੇ ਨਾਮਵਰ ਕਵੀਆਂ ਨੂੰ ਆਉਣ ਦਾ ਸੱਦਾ ਮਿਲਿਆ। ਸ਼ਿਵ ਨੇ ਬਗੈਰ ਸੱਦਾ-ਪੱਤਰ ਹੀ ਬਰਕਤ ਰਾਮ ਯੁਮਨ ਨਾਲ ਡਲਹੌਜ਼ੀ ਜਾਣ ਦਾ ਇਰਾਦਾ ਕੀਤਾ। ਬਰਕਤ ਰਾਮ ਦੇ ਕਹਿਣ 'ਤੇ ਮੰਚ ਸੰਭਾਲ ਰਹੇ ਅਨੋਖ ਸਿੰਘ ਨੇ ਸ਼ਿਵ ਨੂੰ ਕਵਿਤਾ ਪੜ੍ਹਨ ਲਈ ਸੱਦਾ ਦਿੱਤਾ ਤਾਂ ਉਸਨੇ ਆਪਣਾ ਗੀਤ 'ਗ਼ਮਾਂ ਦੀ ਰਾਤ ਲੰਮੀ ਏ ਜਾਂ ਮੇਰੇ ਗੀਤ ਲੰਮੇ ਨੇ' ਗਇਆ। ਸਾਰੇ ਸਰੋਤੇ ਕੀਲੇ ਗਏ।

ਡਾ. ਗੁਰਨਾਮ ਸਿੰਘ ਤੀਰ ਨੇ ਗੀਤ ਸੁਣਨ ਤੋਂ ਬਾਅਦ ਕਿਹਾ ਕਿ ਇਹ ਸ਼ਿਵ ਦੀ ਸਵੈ-ਰਚਨਾ ਨਹੀਂ, ਜੇਕਰ ਹੈ ਤਾਂ ਇਹ ਮੁੰਡਾ ਜ਼ਿਆਦਾ ਦੇਰ ਜ਼ਿੰਦਾ ਨਹੀਂ ਰਹਿ ਸਕਦਾ। ਦਰਬਾਰ ਦੇ ਦੂਸਰੇ ਦੌਰ ਵਿੱਚ ਵਧੇਰੇ ਨਜ਼ਮਾਂ ਸ਼ਿਵ ਕੋਲ਼ੋਂ ਸੁਣੀਆਂ ਗਈਆਂ।

ਇਸੇ ਸਾਲ ਉਸਨੇ ਭੱਠੇ 'ਤੇ ਬਤੌਰ ਮੁਨਸ਼ੀ ਦੀ ਨੌਕਰੀ ਕੀਤੀ ਪਰ ਜ਼ਿਆਦਾ ਦੇਰ ਟਿਕ ਨਹੀਂ ਸਕਿਆ। ਪਿਤਾ ਉਸਨੂੰ ਭਟਕਦਾ ਸਹਾਰ ਨਾ ਸਕੇ ਤੇ ਆਪਣੇ ਕੋਲ ਗੁਰਦਾਸਪੁਰ ਲੈ ਗਏ। ਇੱਥੇ ਉਸਨੂੰ ਪਟਵਾਰ ਦਾ ਕੋਰਸ ਕਰਵਾ ਦਿੱਤਾ ਗਿਆ ਤੇ ਫਿਰ ਉਹ ਅਰਲੀਭੰਨ, ਤਹਿਸੀਲ ਬਟਾਲਾ ਵਿੱਚ ਪਟਵਾਰੀ ਲੱਗ ਗਿਆ। ਉਸ ਵਾਸਤੇ ਇਸ ਬੰਧਨ ਵਿੱਚ ਰਹਿਣਾ ਮੁਸ਼ਕਿਲ ਸੀ। ਉਸਨੇ ਮੁਅੱਤਲ ਹੋਏ ਪੁਰਾਣੇ ਪਟਵਾਰੀ ਗੁਰਬਚਨ ਸਿੰਘ ਰਮਜ਼ੀ ਨੂੰ ਆਪਣੀ ਤਨਖ਼ਾਹ ਦਾ ਤੀਜਾ ਹਿੱਸਾ ਦੇ ਕੇ ਸਾਰਾ ਕੰਮ ਹੀ ਉਸ ਨੂੰ ਦੇ ਦਿੱਤਾ।


ਪਟਵਾਰ ਦੀ ਤਰ੍ਹਾਂ ਉਸਨੇ ਕਵਿਤਾ ਤੋਂ ਮੂੰਹ ਨਹੀਂ ਮੋੜਿਆ। ਅਣਗਹਿਲੀ ਕਰਕੇ ਉਸਨੂੰ ਨੌਕਰੀ ਤੋਂ ਕਈ ਵਾਰ ਮੁਅੱਤਲ ਵੀ ਕੀਤਾ ਗਿਆ ਪਰ ਉਹ ਫਿਰ ਤੋਂ ਬਹਾਲ ਹੋ ਜਾਂਦਾ। ਜਦ ਉਹ ਪਿੰਡਾਂ 'ਚੋਂ ਦਾਣੇ, ਗੁੜ੍ਹ ਤੇ ਸਾਗ ਲਿਆਉਂਦਾ ਤਾਂ ਮਾਂ ਆਖਦੀ, "ਵੇ ਸ਼ਿਵ, ਇੰਝ ਨਾ ਕਰਿਆ ਕਰ?"

ਅੱਗੋਂ ਉਹ ਕਹਿੰਦਾ, "ਕਿਉਂ, ਮੈਂ ਤੇ ਕਰਾਂਗਾ।"
"ਵੇ ਲੋਕ ਸ਼ਿਕਾਇਤ ਕਰ ਦੇਣਗੇ।"
"ਤੇ ਕਰ ਦੇਣ, ਮੈਂ ਕਿਹੜਾ ਇਹ ਨੌਕਰੀ ਕਰਨੀ ਏ।"

ਅੰਮ੍ਰਿਤਸਰ ਦੇ ਗੋਲਬਾਗ ਵਿਖੇ ਹੋਏ ਸਾਵਣ ਕਵੀ ਦਰਬਾਰ 'ਚ ਸ਼ਿਵ

• ਸਾਹਿਰ ਲੁਧਿਆਣਵੀ (ਮੱਧ) ਨਾਲ ਸ਼ਿਵ





• ਖੱਬੇ ਤੋਂ ਸੱਜੇ: ਸ਼ਿਵ ਕੁਮਾਰ 'ਬਟਾਲਵੀ', ਗੁਰਬਖਸ਼ ਸਿੰਘ 'ਪ੍ਰੀਤਲੜੀ' ਅਤੇ ਡਾ. ਐਮ. ਐਸ. ਰੰਧਾਵਾ

ਸ਼ਿਵ ਨੇ ਆਪਣੀ ਕਵਿਤਾ ਸੁਣਾਈ ਤਾਂ ਲੋਕ ਤ੍ਰਾਹ ਤ੍ਰਾਹ ਕਰ ਉੱਠੇ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਉਸ 'ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਸਨੂੰ ਕੁੱਝ ਦਿਨ ਆਪਣੇ ਕੋਲ ਪ੍ਰੀਤਨਗਰ ਰੱਖਿਆ।

ਇਨ੍ਹਾਂ ਦਿਨਾਂ ਵਿੱਚ ਉਸਦਾ ਮੇਲ ਇੱਕ ਹੋਰ ਲੜਕੀ ਨਾਲ ਹੋਇਆ ਜਿਸਦੇ ਪਹਿਲੇ ਪਤੀ ਦੀ ਮੌਤ ਹੋ ਚੁੱਕੀ ਸੀ। ਉਸਨੇ ਸ਼ਿਵ ਨਾਲ ਗੂੜ੍ਹੇ ਇਕਰਾਰ ਕੀਤੇ ਤੇ ਸ਼ਿਵ ਨੂੰ ਯਕੀਨ ਹੋ ਗਿਆ ਕਿ ਉਹ ਉਸਦੀ ਹੀ ਰਹੇਗੀ। ਇੱਕ ਦਿਨ ਸ਼ਿਵ ਦੇ ਕੋਲ ਉਹ ਤਿੰਨ ਫੁੱਲ ਲੈ ਕੇ ਆਈ, ਦੋ ਪੂਰੇ ਖਿੜੇ ਹੋਏ ਸਨ ਤੇ ਇੱਕ ਅੱਧ-ਖਿੜਿਆ ਸੀ। ਸ਼ਿਵ ਨੇ ਜਦ ਇਨ੍ਹਾਂ ਫੁੱਲਾਂ ਵਾਰੇ ਪੁੱਛਿਆ ਤਾਂ ਉਸਨੇ ਕਿਹਾ ਕਿ ਖਿੜੇ ਹੋਏ ਫੁੱਲ ਉਹ ਦੋਨੋਂ ਸਨ ਤੇ ਅੱਧ-ਖਿੜਿਆ ਉਨ੍ਹਾਂ ਦੇ ਘਰ ਹੋਣ ਵਾਲੀ ਕੁੜੀ 'ਸੀਮਾ' ਹੈ।

ਸਾਰੇ ਇਕਰਾਰ ਧਰੇ ਰਹਿ ਗਏ ਜਦ ਪਤਾ ਲੱਗਾ ਕਿ ਉਹ ਕੁੜੀ ਬਿਨ੍ਹਾਂ ਦੱਸੇ ਹੀ ਵਿਦੇਸ਼ ਚਲੀ ਗਈ ਹੈ। ਅਨੇਕ ਖ਼ਤ ਲਿਖੇ ਪਰ ਕੋਈ ਜਵਾਬ ਨਹੀਂ ਆਇਆ। ਉਸਦੀ ਯਾਦ ਸ਼ਿਵ ਨੂੰ ਮੋਈ ਹੋਈ ਮੀਨਾ ਵਾਂਗ ਆਉਂਦੀ।

ਸ਼ਿਵ ਨੇ ਆਪਣੀ ਨੌਕਰੀ ਛੱਡ ਦਿੱਤੀ। ਉਸਦੀ ਲਿਖੀ ਪਹਿਲੀ ਕਿਤਾਬ 'ਪੀੜਾਂ ਦਾ ਪਰਾਗਾ' ਨੂੰ ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ 1960-61 ਦੀ ਸਰਵੋਤਮ ਪੁਸਤਕ ਚੁਣਿਆ ਗਿਆ। 'ਆਟੇ ਦੀਆਂ ਚਿੜੀਆਂ' ਨੂੰ ਪੰਜਾਬੀ ਭਾਸ਼ਾ ਵਿਭਾਗ ਵਲੋਂ 1962-63 ਦੀ ਸਰਵੋਤਮ ਪੁਸਤਕ ਘੋਸ਼ਿਤ ਕੀਤਾ ਗਿਆ। ਪਰ ਇਸ ਕਿਤਾਬ ਦਾ ਵਿਰੋਧ ਵੀ ਬਹੁਤ ਹੋਇਆ ਤੇ ਸ਼ਿਵ ਨੂੰ "ਕਾਮੀ-ਕੀੜਾ" ਵੀ ਕਿਹਾ ਗਿਆ। ਅਕਾਲੀ ਪਤ੍ਰਿਕਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਹ "ਗੰਦੀ ਪੁਸਤਕ" ਜ਼ਬਤ ਕੀਤੀ ਜਾਵੇ। ਪਰ ਪੰਜਾਬ ਸਰਕਾਰ ਦੀ ਕਮੇਟੀ ਨੇ ਜਾਂਚ ਤੋਂ ਬਾਅਦ ਜੂਨ 22, 1964 ਨੂੰ ਕਿਤਾਬ ਦੇ ਹੱਕ ਵਿੱਚ ਆਪਣਾ ਫ਼ੈਸਲਾ ਦਿੱਤਾ।

ਹੁਣ ਸ਼ਿਵ ਨੂੰ ਆਪਣੀ ਪੜ੍ਹਾਈ ਦੀ ਘਾਟ ਮਹਿਸੂਸ ਹੁੰਦੀ ਸੀ। ਚਾਹੇ ਉਸਦੀ ਸ਼ੁਹਰਤ ਫੈਲ ਚੁੱਕੀ ਸੀ ਪਰ ਫਿਰ ਵੀ ਉਹ ਬੇਰੋਜ਼ਗਾਰ ਹੀ ਸੀ। ਸ਼ਰਾਬ ਤੇ ਦੋਸਤਾਂ ਵਿੱਚ ਆਪਣਾ ਜ਼ਿਆਦਾ ਸਮਾਂ ਬਿਤਾਉਂਦਾ।

ਬੇਰਿਅੰਗ ਕ੍ਰਿਸਚਿਅਨ ਕੌਲੇਜ ਦੇ ਪ੍ਰੋ. ਹਰਚਰਨ ਸਿੰਘ ਬਾਠ ਨਾਲ ਸ਼ਿਵ ਦੀ

ਗੂੜ੍ਹੀ ਮਿੱਤਰਤਾ ਸੀ। ਜਦ ਪ੍ਰੋ. ਬਾਠ ਦਾ ਤਬਾਦਲਾ ਨਾਭਾ ਦੇ ਸਰਕਾਰੀ ਰਿਪੁਦਮਨ ਕਾਲਜ ਵਿੱਚ ਹੋਇਆ ਤਾਂ ਸ਼ਿਵ ਨੇ ਮੁੜ੍ਹ ਤੋਂ ਕਾਲਜ ਦੀ ਪੜ੍ਹਾਈ ਸ਼ੁਰੂ ਕਰਨ ਦੀ ਇੱਛਾ ਜਤਾਈ। ਪ੍ਰੋ. ਬਾਠ ਨੇ ਸੋਚਿਆ ਕਿ ਸ਼ਿਵ ਉਮਰ ਵਿੱਚ ਵੱਡਾ ਹੈ ਅਤੇ ਉਸਨੂੰ ਆਪਣੇ ਤੋਂ ਛੋਟੇ ਵਿਦਿਆਰਥੀਆਂ ਵਿੱਚ ਬੈਠਣਾ ਚੰਗਾ ਨਹੀਂ ਲੱਗੇਗਾ, ਪਰ ਸ਼ਿਵ ਦੀ ਜ਼ਿੱਦ ਕਰਕੇ ਆਪਣੇ ਸਿਰ 'ਤੇ ਉਨ੍ਹਾਂ ਨੇ ਉਸਨੂੰ ਆਰਟਜ਼ ਵਿੱਚ ਦਾਖ਼ਲ ਕਰਵਾ ਦਿੱਤਾ।


ਇੱਥੇ ਵੀ ਉਹ ਹਰਮਨ ਪਿਆਰਾ ਹੋ ਗਿਆ। ਉਸਦੇ ਸਾਥੀ ਸ਼ਿਕਾਇਤ ਕਰਦੇ ਕਿ ਕੁੜੀਆਂ ਸ਼ਿਵ ਨੂੰ ਸਾਈਕਲ 'ਤੇ ਬੈਠਾ ਕੇ ਲਿਜਾਂਦੀਆਂ ਸਨ। ਉਹ ਕੌਲੇਜ ਦੇ ਰਸਾਲੇ ਦਾ ਵਿਦਿਆਰਥੀ ਸੰਪਾਦਕ ਵੀ ਰਿਹਾ। ਚੀਨ ਦੇ ਭਾਰਤ 'ਤੇ ਹਮਲੇ ਸਮੇਂ ਉਸਨੇ ਸਭਿਆਚਾਰਕ ਸਮਾਗਮ ਕਰਵਾ ਕੇ ਜਵਾਨਾਂ ਦੀ ਸਹਾਇਤਾ ਲਈ ਧਨਰਾਸ਼ੀ ਇਕੱਠੀ ਕੀਤੀ। ਇੱਥੇ ਹੀ ਉਸਦਾ ਝੁਕਾਅ ਬੀ. ਏ. - ਭਾਗ ਤੀਜਾ ਦੀ ਵਿਦਿਆਰਥਣ ਵੱਲ ਹੋਇਆ ਪਰ ਉਸਨੂੰ ਮੂੰਹ ਦੀ ਖਾਣੀ ਪਈ। ਉਸਨੂੰ ਸਰਵੋਤਮ ਕਵੀ ਦਾ ਕਾਲਜ ਕਲਰ ਦਿੱਤਾ ਗਿਆ ਪਰ ਇਮਤਿਹਾਨ ਵਿੱਚ ਫਿਰ ਨਾ ਬੈਠਾ ਤੇ ਮਾਰਚ 1963 ਵਿੱਚ ਬਟਾਲੇ ਵਾਪਿਸ ਚਲਾ ਗਿਆ।

ਸ਼ਿਵ ਹੁਣ ਫਿਰ ਤੋਂ ਵਿਹਲਾ ਸੀ, ਸੋ ਉਸਨੇ ਖੇਡਾਂ ਦੇ ਸਮਾਨ ਦੀ ਏਜੰਸੀ ਸ਼ੁਰੂ ਕਰ ਦਿੱਤੀ। ਕਵੀ ਦਰਬਾਰਾਂ ਵਿੱਚ ਆਮ ਜਾਣਾ ਸ਼ੁਰੂ ਕੀਤਾ, ਕੁੱਝ ਦੇਰ ਅੰਮ੍ਰਿਤਸਰ ਦੇ ਪਿੰਡ ਪਾਖਰਪੁਰ ਵਿੱਚ ਅਧਿਆਪਕ ਵੀ ਰਿਹਾ ਪਰ ਪ੍ਰਿੰਸੀਪਲ ਨਾਲ ਝਗੜਾ ਹੋਣ ਕਰਕੇ ਬਰਖ਼ਾਸਤ ਕਰ ਦਿੱਤਾ ਗਿਆ।

ਫਿਰ ਉਸਦਾ ਸੰਪਰਕ ਜਲੰਧਰ ਦੇ ਡਰਾਮਾ ਅਫ਼ਸਰ ਭਾਗ ਸਿੰਘ ਨਾਲ ਹੋਇਆ। ਉਨ੍ਹਾਂ ਦੀ ਬਣਾਈ ਫ਼ਿਲਮ 'ਵਲਾਇਤ ਪਾਸ' ਤੋਂ ਸ਼ਿਵ ਪ੍ਰਭਾਵਿਤ ਸੀ ਤੇ ਉਨ੍ਹਾਂ ਅੱਗੇ ਉਸਨੇ ਸਿਨੇਮਾ ਲਈ ਗੀਤ ਲਿਖਣ ਦੀ ਇੱਛਾ ਜ਼ਾਹਿਰ ਕੀਤੀ। ਪੰਜਾਬੀ ਫ਼ਿਲਮ 'ਸੌਂਕਣ ਮੇਲੇ ਦੀ' ਅਤੇ 'ਨੀਮ ਹਕੀਮ' ਲਈ ਉਸਨੇ ਗੀਤ ਲਿਖੇ।

ਮਾਰਚ 1965 ਵਿੱਚ ਉਹ ਬੰਬਈ ਗਿਆ। ਦੇਵ ਆਨੰਦ ਨੇ ਉਸ ਤੋਂ ਹਿੰਦੀ ਵਿੱਚ ਗੀਤ ਚਾਹੇ ਪਰ ਉਸਦਾ ਮਨ ਪੰਜਾਬੀ ਸਿਨੇਮਾ ਵੱਲ ਜ਼ਿਆਦਾ ਸੀ। ਬੰਬਈ ਉਸਨੂੰ ਬਹੁਤ ਪਿਆਰ ਮਿਲਿਆ। ਆਪਣਾ ਜ਼ਿਆਦਾ ਸਮਾਂ ਉਸਨੇ ਬਲਰਾਜ ਸਾਹਨੀ ਤੇ ਸਾਹਿਰ ਲੁਧਿਆਣਵੀ ਨਾਲ ਬਿਤਾਇਆ। ਕੋਈ ਸ਼ਾਮ ਹੀ ਐਸੀ ਸੀ ਜਦ ਸ਼ਿਵ ਕਿਤੇ ਮੁੱਖ ਅਤਿਥੀ ਨਾ ਹੁੰਦਾ। ਜੂਨ 1965 ਵਿੱਚ ਉਹ ਬਟਾਲਾ ਆ ਗਿਆ।

ਬਟਾਲਾ ਦੇ ਸਟੇਟ ਬੈਂਕ ਔਫ਼ ਇੰਡੀਆ ਦੇ ਮੈਨੇਜਰ ਕੇ. ਡੀ. ਨਈਅਰ ਨੇ ਉਸਨੂੰ ਉਸਦੇ ਕਾਵਿ-ਗੁਣਾਂ ਕਰਕੇ ਹੀ ਕਲਰਕ ਦੀ ਨੌਕਰੀ ਦਿੱਤੀ। ਜਦ ਸ਼ਿਵ ਨੇ ਕਿਹਾ ਕਿ ਉਹ ਆਜ਼ਾਦ ਪੰਛੀ ਖ਼ੁੱਦ ਨੂੰ ਨੌਕਰੀ ਦੇ ਬੰਧਨ ਵਿੱਚ ਨਹੀਂ ਬੰਨ੍ਹ ਪਵੇਗਾ ਤਾਂ ਨਈਅਰ ਸਾਹਿਬ ਨੇ ਕਿਹਾ ਕਿ ਸ਼ਿਵ ਨੂੰ ਬੈਂਕ ਕੰਮ ਕਰਨ ਦੀ ਕੋਈ ਲੋੜ ਨਹੀਂ, ਬਸ ਦਿਨ ਵਿੱਚ ਇੱਕ ਵਾਰੀ ਆਇਆ ਕਰੇ, ਫਿਰ ਦਿਨ ਭਰ ਜਿੱਥੇ ਮਰਜ਼ੀ ਜਾਵੇ। ਛੇ ਮਹੀਨੇ ਬਾਅਦ ਅਪ੍ਰੈਲ 1966 ਨੂੰ ਉਸਦੀ ਨੌਕਰੀ ਪੱਕੀ ਕਰ ਦਿੱਤੀ ਗਈ। ਘਰੇ ਬੈਠੇ ਹੀ ਨੌਕਰੀ ਮਿਲਣ ਕਰਕੇ ਸ਼ਿਵ ਖੁਸ਼ ਸੀ। ਮੈਨੇਜਰ ਉਸਦੇ



Subject:- Publication of book entitled 'Atte Dian Chirian' by Shiv Kumar Batalvi - consideration of the question of proscription of the book under Section 292 IPC

...

Will the Education Commissioner and Secretary to Government, Punjab, Education and Languages Departments, kindly refer to the subject noted above?

2. As he is aware, the book entitled 'Atte Dian Chirian' by Shiv Kumar Batalvi (with an introduction by Dr. Jit Singh Sital, Director Punjabi Section, Department of Languages, Punjab) which was adjudged to be the best book of Punjabi poetry during the year 1962-63, and , on this score, its author was awarded a prize of Rs.1000, in the last Samroh of the Languages Department held in March,1964, had been the subject of criticism in the vernacular press of the State. It was alleged that some passages appearing in the book represented naked sex. Accordingly, a copy of the book was procured and the same was examined by the Press Branch. The Law Department was consulted. They have advised that the book is not actionable under Section 292 IPC. This information is being supplied as it might interest the Education Commissioner and Secretary to Government, Punjab, Education and Languages Departments.

Under Secretary Home,
for Secretary to Government, Punjab,
Home Department.

To

The Education Commissioner and
Secretary to Government, Punjab,
Education & Languages Departments.

U.O.No.8-06-IPB-64/ dated Chandigarh, the 28 June, 1964.

No.8-06-IPB-64/ dated Chandigarh, the June, 1964.

A copy is forwarded to the Director General of Languages, Pb. Patiala, for information.

Asstt. Section Officer Press Branch,
for Secretary to Government, Punjab,
Home Department.

• ਸ਼ਿਵ ਦੀ ਕਿਤਾਬ 'ਆਟੇ ਦੀਆਂ ਚਿੜੀਆਂ' ਉੱਤੇ ਲੱਗੇ ਇਲਜ਼ਾਮ ਖਾਰਿਜ ਕਰਦਾ ਪੰਜਾਬ ਸਰਕਾਰ ਦਾ ਪੱਤਰ

ਘਰੇ ਉਸਦੀਆਂ ਰਚਨਾਵਾਂ ਸੁਣਨ ਜਾਂਦੇ। ਆਪਣੇ ਗ਼ਮ ਤੋਂ ਛੁਟਕਾਰਾ ਪਾਉਣ ਲਈ ਆਪਣੀ ਮਰਜ਼ੀ ਨਾਲ ਫਰਵਰੀ 5, 1967 ਨੂੰ ਸ਼ਿਵ ਨੇ ਪਿੰਡ ਮੰਗਿਆਲ, ਜ਼ਿਲ੍ਹਾ ਪਠਾਨਕੋਟ ਦੀ ਲੜਕੀ ਅਰੁਣ ਨਾਲ ਵਿਆਹ ਕੀਤਾ।

ਉਸਦੀ ਕਿਤਾਬ 'ਲੂਣਾ' ਲਈ ਉਸਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ 1965-66 ਦੀ ਸ੍ਰੇਸ਼ਟ ਕਿਤਾਬ ਤੇ ਪੰਜ ਹਜ਼ਾਰ ਰੁਪਏ ਦਾ ਇਨਾਮ ਮਿਲਿਆ। ਇਹ ਇਨਾਮ ਪਾਉਣ ਵਾਲਿਆਂ 'ਚੋਂ ਉਹ ਸਬ ਤੋਂ ਛੋਟੀ ਉਮਰ ਦਾ ਸੀ ਤੇ ਉਸਦੀ ਪ੍ਰਸਿੱਧੀ ਅੰਤਰਰਾਸ਼ਟਰੀ ਮੰਚਾਂ ਤੱਕ ਫੈਲ ਗਈ। ਇਸ ਇਨਾਮ ਸਾਹਮਣੇ ਉਸਨੂੰ ਆਪਣੀ ਨੌਕਰੀ ਕੁੱਝ ਵੀ



• ਲੰਡਨ ਵਿੱਚ ਸ਼ਿਵ (ਸਬ ਤੋਂ ਖੱਬੇ) ਸ਼੍ਰੀਮਤਿ ਕੈਲਾਸ਼ਪੁਰੀ ਦੇ ਨਾਲ

ਨਾ ਜਾਪਦੀ ਤੇ ਮਨ ਹੀ ਮਨ ਉਹ ਆਪਣੇ ਆਪ ਨੂੰ ਬਾਕੀ ਸਾਰੇ ਕਰਮਚਾਰੀਆਂ ਨਾਲੋਂ ਉੱਚਾ ਸਮਝਦਾ।

ਜਲਦੀ ਹੀ ਉਸਦੇ ਘਰ ਪੁੱਤਰ ਦਾ ਜਨਮ ਹੋਇਆ, ਨਾਂ ਰੱਖਿਆ ਗਿਆ ਮੇਹਰਬਾਨ, ਪਰ ਪਿਆਰ ਨਾਲ ਉਸਨੂੰ ਵਿਸਕੀ ਕਹਿੰਦੇ। ਉੱਤੋਂ ਤਾਂ ਸ਼ਿਵ ਹੁਣ ਬਹੁਤ ਖ਼ੁਸ਼ ਸੀ ਪਰ ਅੰਦਰੋਂ ਉਸਦੇ ਦੁੱਖ ਪਿੱਛਾ ਨਾ ਛੱਡਦੇ। ਬੇਰਿਅੰਗ ਕੌਲੇਜ ਸਾਹਮਣੇ ਇੱਕ ਕੋਠੀ ਕਿਰਾਏ 'ਤੇ ਲੈ ਕੇ ਉਹ ਜ਼ਿਆਦਾ ਵਕ਼ਤ ਆਪਣੇ ਪਰਿਵਾਰ ਤੋਂ ਵੱਖਰਾ ਰਹਿਣ ਲੱਗਾ।

ਉਹ ਬਟਾਲਾ ਦੇ ਲੋਕਾਂ ਤੋਂ ਮਾਯੂਸ ਸੀ, ਐਸੀ ਥਾਂ ਜਾਣਾ ਚਾਹੁੰਦਾ ਸੀ ਜਿੱਥੇ ਕਲਾ ਦੀ ਕਦਰ ਹੋਏ, ਉਸਨੂੰ ਸਮਝਿਆ ਜਾਵੇ, ਉਸਦੇ ਬੱਚੇ ਵਧੀਆ ਪੜ੍ਹਾਈ ਲੈ ਸਕਣ। ਇਸ ਲਈ ਉਸਨੇ ਅਕਤੂਬਰ 22, 1968 ਨੂੰ ਆਪਣਾ ਤਬਾਦਲਾ ਚੰਡੀਗੜ੍ਹ ਕਰਵਾ ਲਿਆ।

ਚੰਡੀਗੜ੍ਹ ਦੇ ਸਾਹਿਤਕਾਰਾਂ ਨੇ ਸ਼ਿਵ ਨੂੰ ਜੀ ਆਇਆਂ ਕਿਹਾ ਤੇ ਉਸ ਦੀ ਸਵਾਗਤ ਲਈ ਕਈ ਸਮਾਗਮ ਰੱਖੇ ਗਏ। ਆਪਣੀ ਮਿੱਠੀ ਆਵਾਜ਼ ਨਾਲ ਉਹ ਲੋਕਾਂ ਨੂੰ ਤਲਿਸਮ ਕਰ ਦਿੰਦਾ। ਉਸ ਨੂੰ ਹਰ ਕਾਵਿ-ਦਰਬਾਰ ਵਿੱਚ ਸਬ ਤੋਂ ਅੰਤ ਵਿੱਚ ਬੋਲਣ ਦਿੱਤਾ ਜਾਂਦਾ ਕਿਉਂਕਿ ਜਿੱਥੇ ਵੀ ਉਹ ਕਿਤੇ ਪਹਿਲਾਂ ਨਜ਼ਮ ਪੜ੍ਹ ਦਿੰਦਾ ਤਾਂ ਲੋਕਾਂ ਵਿੱਚ ਖ਼ਲਲ ਪੈ ਜਾਂਦਾ।

ਇਸ ਸ਼ਹਿਰ ਉਸਨੇ ਆਪਣੇ ਹਿਸਾਬ ਨਾਲ ਨੌਕਰੀ ਕੀਤੀ, ਸ਼ਰਾਬ ਨੂੰ ਸ਼ੁਗ਼ਲ ਬਣਾਇਆ। ਬੈਂਕ ਮੈਨੇਜਰ ਵੀ. ਬੀ. ਚੱਡਾ ਤੇ ਐਚ. ਕੇ. ਅਗਰਵਾਲ ਨੇ ਉਸਨੂੰ ਕਮਰੇ ਵਿੱਚ ਬਿਠਾ ਕੇ ਬੈਂਕ ਦਾ ਕੰਮ ਕਰਵਾਉਣਾ ਸ਼ੁਰੂ ਕੀਤਾ ਤਾਂ ਜੋ ਉਸਦੀ ਸ਼ਰਾਬ ਦੀ ਆਦਤ ਹਟੇ ਤੇ ਉਸਦਾ ਘਰ ਉੱਜੜਨ ਤੋਂ ਬਚੇ। ਯੁਨਿਅਨ ਵਾਲਿਆਂ ਨੂੰ ਇਸਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਮੈਨੇਜਰ ਦਾ ਘਿਰਾਓ ਕੀਤਾ ਪਰ ਜਦ ਉਨ੍ਹਾਂ ਨੂੰ ਸ਼ਰਾਬ ਵਾਲੀ ਗੱਲ ਪਤਾ ਲੱਗੀ ਤਾਂ ਅੱਗੋਂ ਉਨ੍ਹਾਂ ਕੋਲ ਵੀ ਜਵਾਬ ਨਹੀਂ ਸੀ।

ਸਤੰਬਰ 23, 1969 ਨੂੰ ਉਸਦੇ ਘਰ ਇੱਕ ਧੀ 'ਪੂਜਾ' ਨੇ ਜਨਮ ਲਿਆ। ਚੰਡੀਗੜ੍ਹ ਨੌਕਰੀ ਕਰਦਿਆਂ ਉਸਨੇ ਸਬ ਨਾਲ ਪਿਆਰ ਦਾ

ਰਵੱਈਆ ਰੱਖਿਆ। ਸ਼ਹਿਰ ਦੇ ਹਰ ਸਮਾਰੋਹ 'ਚ ਉਸਨੂੰ ਸੱਦਿਆ ਜਾਂਦਾ। ਉਸਦੇ ਔਟੋਗ੍ਰਾਫ (ਦਸਤਖ਼ਤ) ਲੈਣ ਲਈ ਗੱਬਰੂ-ਮੁਟਿਆਰਾਂ ਸ਼ੁਦਾਈ ਹੋ ਜਾਂਦੇ।

ਪਰ ਇੱਥੇ ਉਸਨੇ ਕਵਿਤਾ ਘੱਟ ਲਿਖੀ ਤੇ ਸ਼ਰਾਬ ਜ਼ਿਆਦਾ ਪੀਤੀ। ਉੱਧਰ ਵਿਦੇਸ਼ 'ਚ ਬੈਠੇ ਭਾਰਤੀਆਂ ਵਿੱਚ ਸ਼ਿਵ ਕੋਲ਼ੋਂ ਉਸਦੀ ਕਵਿਤਾ ਸੁਣਨ ਦੀ ਇੱਛਾ ਵੱਧਦੀ ਗਈ।

ਅਖ਼ੀਰ ਸ਼੍ਰੀਮਤੀ ਕੈਲਾਸ਼ਪੁਰੀ ਤੇ ਗੁਪਾਲ ਸਿੰਘ ਪੁਰੀ ਨੇ ਸ਼ਿਵ ਨੂੰ ਇੰਗਲੈਂਡ ਲਿਆਉਣ ਦੀ ਤਰਕੀਬ ਸੋਚੀ। ਉਨ੍ਹਾਂ ਨੇ ਉਸਦਾ ਆਉਣ-ਜਾਉਣ ਦਾ ਸਾਰਾ ਖ਼ਰਚ ਆਪਣੇ ਸਿਰ ਲੈ ਕੇ ਉਸਨੂੰ ਸੱਦਾ ਦਿੱਤਾ।


ਆਪਣੇ ਇਲਾਜ ਦਾ ਬਹਾਨਾ ਕਰਕੇ ਸ਼ਿਵ ਮਈ 18, 1972 ਨੂੰ ਇੰਗਲੈਂਡ ਚਲਾ ਗਿਆ। ਉੱਥੇ ਉਸਦੇ ਪ੍ਰਸ਼ੰਕਾਂ ਨੂੰ ਬਹੁਤ ਖੁਸ਼ੀ ਹੋਈ। ਆਪਣੇ ਮਧੁਰ ਬੋਲਾਂ ਨਾਲ ਉਸਨੇ ਸ਼ਹਿਰ ਦੇ ਮੇਯਰ ਤੇ ਉਨ੍ਹਾਂ ਦੀ ਪਤਨੀ ਨੂੰ ਵੀ ਕੀਲ ਲਿਆ।

ਖੁੱਲ੍ਹੇ ਮਾਹੌਲ 'ਚ ਰਹਿਣ ਵਾਲਾ ਕਵੀ ਸ਼੍ਰੀਮਤੀ ਕੈਲਾਸ਼ਪੁਰੀ ਦੇ ਵਿਹੜੇ ਕੈਦ ਨਹੀਂ ਸੀ ਹੋਣ ਵਾਲਾ। ਉਨ੍ਹਾਂ ਤੋਂ ਖੁੱਲ੍ਹ ਲੈ ਕੇ ਉਸਨੇ ਨਵੇਂ ਦੇਸ਼ ਵਿੱਚ ਸਫ਼ਰ ਸ਼ੁਰੂ ਕੀਤਾ। ਇੰਗਲੈਂਡ ਦੇ ਕਵੀ-ਦਰਬਾਰ ਤੇ ਗੁਰੂਦੁਆਰਿਆਂ 'ਚ ਜਿੰਨ੍ਹਾਂ ਸ਼ਿਵ ਨੂੰ ਪਿਆਰ ਮਿਲਿਆ, ਉਤਨਾ ਸ਼ਾਇਦ ਹੀ ਕਿਸੇ ਪੰਜਾਬੀ ਲਿਖਾਰੀ ਨੂੰ ਮਿਲਿਆ ਹੋਵੇ।

ਪਰ ਇਸ ਵੇਲੇ ਉਸਨੇ ਇੰਨੀ ਸ਼ਰਾਬ ਪੀਤੀ ਕਿ ਉਸਦੀ ਖ਼ੁਰਾਕ ਘੱਟ ਕੇ ਸਿਰਫ਼ ਇੱਕ ਅੰਡਾ ਤੇ ਬ੍ਰੈਡ ਰਹਿ ਗਈ। ਆਪਣੀ ਬੇਟੀ ਪੂਜਾ ਨੂੰ ਉਸਨੇ ਇੰਗਲੈਂਡ ਪੜ੍ਹਾਉਣ ਦਾ ਫ਼ੈਸਲਾ ਕੀਤਾ। ਇਸ ਸਮੇਂ ਲਿਖੀਆਂ ਉਸਦੀਆਂ ਚਿੱਠੀਆਂ ਅਨੁਸਾਰ ਉਸਨੂੰ ਚੰਗਾ ਪੈਸਾ ਮਿਲਿਆ। ਸਤੰਬਰ 7, 1972 ਨੂੰ ਇੰਗਲੈਂਡ ਵਾਸੀਆਂ 'ਤੇ ਆਪਣੀ ਛਾਪ ਛੱਡ ਕੇ ਉਹ ਵਾਪਿਸ ਭਾਰਤ ਆ ਗਿਆ।

ਬਲਰਾਜ ਸਾਹਨੀ ਦੀ 'ਮੇਰਾ ਰੂਸੀ ਸਫ਼ਰਨਾਮਾ' ਦੀ ਤਰ੍ਹਾਂ ਸ਼ਿਵ ਨੇ ਵੀ ਆਪਣੇ ਇੰਗਲੈਂਡ ਦੇ ਸਫ਼ਰ ਨੂੰ ਕਿਤਾਬ ਦਾ ਰੂਪ ਦੇਣ ਦੀ ਸੋਚੀ। ਚੰਡੀਗੜ੍ਹ 'ਚ ਉਹ ਬੜੀ ਦਿਲਚਸਪੀ ਨਾਲ ਆਪਣੇ ਅਨੁਭਵ ਸੁਣਾਉਂਦਾ ਸੀ। ਪਰ ਅਸਲ ਵਿੱਚ ਉਹ ਉੱਥੋਂ ਬਿਮਾਰੀ ਵੀ ਨਾਲ ਲੈ ਆਇਆ ਜਿਸਨੇ ਅੰਤ ਤੱਕ ਖਹਿੜਾ ਨਾ ਛੱਡਿਆ।
ਸੋ ਇਸ ਵਾਰ ਅਸਲ ਇਲਾਜ ਲਈ ਉਸਨੇ ਮਾਰਚ 1, 1973 ਨੂੰ ਬੈਂਕ 'ਚੋਂ ਛੁੱਟੀ ਲਈ। ਉਸਨੂੰ ਪੀ. ਜੀ. ਆਈ. ਅਤੇ ਸੈਕਟਰ-16 ਵਾਲੇ ਹਸਪਤਾਲਾਂ ਵਿੱਚ ਆਰਾਮ ਨਾ ਆਇਆ। ਸ਼ਰਾਬ ਹੀ ਉਸਦੀ ਬਿਮਾਰੀ ਦੀ ਵਜ੍ਹਾ ਸੀ ਪਰ ਉਹ ਸ਼ਰਾਬ ਛੱਡਦਾ ਵੀ ਨਹੀਂ ਸੀ। ਇਸ ਲਈ ਜਦ ਵੀ ਆਪਣੀ ਬਿਮਾਰੀ ਦੀ ਗੱਲ ਛੇੜਦਾ ਲੋਕ ਉਸਨੂੰ ਪਖੰਡੀ ਕਹਿੰਦੇ। ਉਹ ਆਪਣੇ ਆਪ 'ਤੇ ਖਿਝਦਾ, ਦੂਜਿਆਂ ਨੂੰ ਬੁਰਾ-ਭਲਾ ਕਹਿੰਦਾ।

ਫਿਰ ਉਸਨੇ ਪਰਿਵਾਰ ਨਾਲ ਮੁੜ ਬਟਾਲੇ ਜਾਣ ਦੀ ਸੋਚੀ। ਉਸਦੇ ਦੋਸਤ ਹਰਦਿਆਲ ਨੇ ਇਨ੍ਹਾਂ ਅੰਤਿਮ ਦਿਨ੍ਹਾਂ ਵਿੱਚ ਬਹੁਤ ਮੱਦਦ



• **ਅਰੁਣ ਅਤੇ ਸ਼ਿਵ ਆਪਣੇ ਬੱਚਿਆਂ ਨਾਲ**


ਕੀਤੀ, ਨੌਕਰੀ ਤੋਂ ਛੁੱਟੀ ਲੈ ਕੇ, ਆਪਣੇ ਪੈਸੇ 'ਤੇ ਸ਼ਿਵ ਦਾ ਇਲਾਜ ਕਰਾਉਂਦੇ ਰਹੇ। ਮੋਹਨ ਲਾਲ ਨੇ ਹਰ ਕੋਸ਼ਿਸ਼ ਕੀਤੀ ਕਿ ਸ਼ਿਵ ਸ਼ਰਾਬ ਛੱਡ ਦੇਵੇ ਪਰ ਉਹ ਸ਼ਾਇਦ ਇਸੇ ਨਾਲ ਆਪਣੇ ਜ਼ਖਮਾਂ ਨੂੰ ਟਕੋਰ ਕਰਨਾ ਚਾਹੁੰਦਾ ਸੀ। ਬਟਾਲੇ ਜਾਂਦੀ ਟੈਕਸੀ ਨੂੰ ਸ਼ਿਵ ਨੇ ਸੈਕਟਰ-22 ਦੇ ਚੌਂਕ ਵਿੱਚ ਰੁਕਵਾਇਆ ਤੇ ਬਾਹਰ ਆ ਕੇ ਚੰਡੀਗੜ੍ਹ ਦੇ ਲੋਕਾਂ ਨੂੰ ਲਾਹਨਤਾਂ ਪਾਈਆਂ ਜਿਨ੍ਹਾਂ ਨੇ ਉਸਦੀ ਸੰਗਤ 'ਚ ਅਨੰਦ ਤਾਂ ਲਿਆ ਪਰ ਇਸ ਘੜੀ ਉਸਨੂੰ ਇੱਕਲਾ ਕਰ ਗਏ।

ਆਪਣੇ ਕਹੇ ਸ਼ਬਦ ਉਸਨੂੰ ਸੱਚ ਲੱਗੇ, "ਜਦੋਂ ਮੈਂ ਮਰਿਆ ਬਲਵੰਤ, ਪੰਜ ਕੁੱਤਿਆਂ ਨੇ ਵੀ ਨਹੀਂ ਆਉਣਾ। ਅੰਮ੍ਰਿਤਾ ਇੱਕ ਨਜ਼ਮ ਲਿੱਖ ਦੇਵੇਗੀ ਤੇ ਤੂੰ ਆਖੇਂਗਾ: ਮਰ ਗਿਆ ਵਿਚਾਰਾ ਕੌਡੀਆਂ ਵਾਲਾ ਸੱਪ।"

ਕੁੱਝ ਦਿਨ ਬਟਾਲਾ ਰਹਿ ਕੇ ਉਹ ਆਪਣੇ ਸਹੁਰੇ ਘਰ ਮੰਗਿਆਲ ਗਿਆ। ਜਦ ਵਾਪਿਸ ਬਟਾਲਾ ਆਇਆ ਤਾਂ ਉਸਨੂੰ ਇਲਾਜ ਲਈ ਅੰਮ੍ਰਿਤਸਰ ਹਸਪਤਾਲ ਭਰਤੀ ਕਰਨਾ ਪਿਆ ਪਰ ਉਹ ਇੱਥੇ ਵੀ ਟਿਕ ਨਾ ਸਕਿਆ। ਅਖ਼ੀਰ ਮੁੜ ਆਪਣੇ ਸਹੁਰੇ ਘਰ ਪੁੱਜਾ।


ਇੱਥੇ ਹੀ ਐਤਵਾਰ, ਮਈ 6, 1973 ਨੂੰ ਇਹ ਕਵੀ ਸਦਾ ਲਈ ਵਿਛੋੜਾ ਦੇ ਗਿਆ। ਉਸਦੇ ਸਿਰਹਾਣੇ ਹੇਠਾਂ ਇੱਕ ਡਾਇਰੀ ਮਿਲੀ।

ਉਸਦੀ ਮੌਤ ਤੋਂ ਬਾਅਦ ਸੋਗ ਦੀ ਲਹਿਰ ਫੈਲੀ। ਨੇਤਾਵਾਂ, ਕਵੀਆਂ ਵੱਲੋਂ ਸ਼ਰਧਾਂਜਲੀ ਦਿੱਤੀ ਗਈ। ਉਸਦੀ ਤੁਲਨਾ ਜੌਨ ਕੀਟਜ਼ ਨਾਲ ਹੋਣ ਲੱਗੀ। ਬਲਵੰਤ ਗਾਰਗੀ ਨੇ ਉਸ 'ਤੇ ਫ਼ਿਲਮ ਬਣਾਈ।




1. ਜੇ ਮੈਂ ਮਰ ਜਾਵਾਂ ਤਾਂ ਠੀਕ ਕਰਨਾ।

2. ਸੁਭਾਸ਼ ਸ਼ਾਦੀ ਜ਼ਰੂਰ ਕਰ ਲਵੇ।




3. ਕੋਈ ਸਿਆਪਾ ਵਗੈਰਾ ਨਹੀਂ ਚਾਹੀਦਾ। ਕਿਸੇ ਨੂੰ ਘਰ ਆਉਣ ਦੀ ਲੋੜ ਨਹੀਂ। ਇਹ ਬਕਵਾਸ ਹੈ।

4. ਬੱਚਿਆਂ ਬਾਰੇ ਤੁਹਾਡੇ ਬਾਰੇ ਸੋਚਣ ਦੀ ਲੋੜ ਨਹੀਂ। ਤੁਸੀਂ ਬਹੁਤ ਵੱਡੇ ਗਰੀਬ ਆਦਮੀ ਹੋ।



ਤੁਸੀਂ ਚਿੰਤਾ ਮਤ ਕਰੋ। ਜੇ ਉਹਦੀ ਕਿਸਮਤ ਦੀ ਲੋੜ ਹੋਈ ਤਾਂ ਪੜ੍ਹ ਜਾਵੇਗਾ। ਮੇਰੇ ਦੋਵੇਂ ਬੱਚੇ ਮੇਰੀਆਂ ਇਛਾਵਾਂ ਸਦਕਾ ਠੀਕ ਪੜ੍ਹਣਗੇ।

• **ਸ਼ਿਵ ਦੇ ਦੇਹਾਂਤ ਪਿੱਛੋਂ ਉਸਦੇ ਸਿਰਹਾਣੇ ਹੇਠ ਮਿਲੀ ਡਾਇਰੀ ਵਿੱਚੋਂ**



ਦੁਆਰਕਾ ਜਾਂ ਸੁਭਾਸ਼ ਆਪਣੀ ਰਜ਼ਾ ਦੇ ਆਦਮੀ ਹਨ। ਤੈਨੂੰ ਦੁਨੀਆਂ 'ਚ ਪੜ੍ਹਾਇਆ, ਨੌਕਰੀ ਦਵਾਈ ਅਤੇ ਤੂੰ ਮੈਨੂੰ ਵੀ ਬੇ-ਵਕੂਫ਼ ਬਣਾਇਆ ਹੈ – ਖੁਸ਼ ਰਹਿ। ਸ਼ਾਦੀ ਕਰ ਲੈ। ਨਹੀਂ ਤਾਂ ਮੈਨੂੰ ਦੁੱਖ ਹੋਵੇਗਾ।

ਬਾਕੀ ਰਹੀ ਅਰੁਣ ਦੀ। ਰੋਟੀ ਖਾ ਲਵੇਗੀ। ਉਹ ਭਲੀ ਔਰਤ ਹੈ।

ਮੈਂ ਗੁੱਸੇ 'ਚ ਹੀ ਬੋਲ ਰਿਹਾ ਹਾਂ।
-ਸ਼ਿਵ ਕੁਮਾਰ

• ਸ਼ਿਵ ਦੇ ਦੇਹਾਂਤ ਪਿੱਛੋਂ ਉਸਦੇ ਸਿਰਹਾਣੇ ਹੇਠ ਮਿਲੀ ਡਾਇਰੀ ਵਿੱਚੋਂ

ਸ਼ਿਵ ਕੁਮਾਰ ਵਾਰੇ ਜਗਜੀਤ ਸਿੰਘ ਆਨੰਦ ਨੇ ਸਹੀ ਹੀ ਕਿਹਾ, "ਪੀੜਾਂ-ਪਰੁਚੇ ਆਪਣੇ ਹਿਜਰ ਨੂੰ ਸਮੁੱਚੀ ਲੋਕਾਈ ਦਾ ਹਿਜਰ ਬਣਾਉਣ ਵਿੱਚ ਵਾਰਸ ਤੋਂ ਪਿੱਛੋਂ ਜੋ ਕਾਮਯਾਬੀ ਸ਼ਿਵ ਨੂੰ ਮਿਲੀ ਹੋਰ ਕਿਸੇ ਪੰਜਾਬੀ ਸ਼ਾਇਰ ਨੂੰ ਨਹੀਂ ਮਿਲੀ। ਬੁੱਲ੍ਹੇ ਵਰਗਾ ਉਹ ਮਸਤ-ਮਲੰਗ, ਪੂਰਨ ਸਿੰਘ ਵਰਗਾ ਅਲਬੇਲਾ, ਬਟਾਲੇ ਸ਼ਹਿਰ ਦਾ ਨਾਂ ਸ਼ਾਹ ਮੁਹੰਮਦ ਪਿੱਛੋਂ ਇਕੇਰਾਂ ਫੇਰ ਕਾਵਿ-ਜਗਤ ਵਿੱਚ ਉੱਚਾ ਕਰ ਗਿਆ। ਕਾਦਰਯਾਰ ਦੇ ਕਿੱਸੇ ਦੀ ਖਲਨਾਇਕਾ ਲੂਣਾ ਨੂੰ ਆਪਣੇ ਮਹਾਂਕਾਵਿ ਦੀ ਨਾਇਕਾ ਬਣਾ ਕੇ ਉਸ ਨੇ ਇਸਤ੍ਰੀਅਤ ਨਾਲ ਜੋ ਇਨਸਾਫ਼ ਕੀਤਾ ਉਸਦਾ ਮੁੱਲ ਚਿਰਾਂ ਤੱਕ ਨਹੀਂ ਚੁਕਾਇਆ ਜਾਣਾ।" ■

$ 0.00

€ 0.00

£ 0.00

₹ 0.00

¥ 0.00

ਤੁਹਾਡਾ ਡਿਜਿਟਲ ਐਡੀਸ਼ਨ

ਮੁਫ਼ਤ, ਹਮੇਸ਼ਾ ਲਈ ↗



ਕਿਸਾਨ ਤੇ ਸ਼ੈਤਾਨ

ਕਿਸੇ ਸਮੇਂ ਇੱਕ ਸਮਝਦਾਰ ਤੇ ਚਲਾਕ ਕਿਸਾਨ ਹੋਇਆ ਕਰਦਾ ਸੀ ਜਿਸਦੇ ਕਿੱਸੇ ਬਹੁਤ ਮਸ਼ਹੂਰ ਸਨ। ਪਰ ਸਬ ਤੋਂ ਵਧੀਆ ਕਿੱਸਾ ਹੈ, ਜਿਸ ਵਿੱਚ ਉਹ ਸ਼ੈਤਾਨ ਨੂੰ ਵੀ ਮੂਰਖ ਬਣਾਉਂਦਾ ਹੈ।

ਕਿਸਾਨ ਇੱਕ ਦਿਨ ਆਪਣੇ ਖੇਤ ਵਿੱਚ ਕੰਮ ਕਰ ਰਿਹਾ ਸੀ, ਤੇ ਫਿਰ ਜਦੋਂ ਸ਼ਾਮ ਹੋਈ, ਘਰ ਮੁੜਨ ਦੀ ਤਿਆਰੀ ਕਰਨ ਲੱਗਾ, ਤਦ ਉਸਨੇ ਆਪਣੇ ਖੇਤ ਵਿੱਚ ਬਲ਼ਦੇ ਕੋਲ਼ਿਆਂ ਦਾ ਢੇਰ ਵੇਖਿਆ। ਹੈਰਾਨੀ ਭਰਿਆ ਉਹ ਅੱਗ ਵੱਲ ਗਿਆ ਤਾਂ ਕੋਲ਼ਿਆਂ ਦੀ ਅੱਗ ਉੱਤੇ ਇੱਕ ਛੋਟਾ ਕਾਲਾ ਦਾਨਵ ਬੈਠਾ ਸੀ।

ਕਿਸਾਨ ਨੇ ਕਿਹਾ, "ਤੂੰ ਲੱਗਦੈ ਖਜ਼ਾਨੇ ਉੱਤੇ ਬੈਠਾਂ!"

ਸ਼ੈਤਾਨ ਬੋਲਿਆ, "ਬੇਸ਼ੱਕ। ਐਸੇ ਖਜ਼ਾਨੇ ਉੱਤੇ ਜਿਸ ਵਿੱਚ ਇੰਨਾ ਸੋਨਾ ਚਾਂਦੀ ਹੈ, ਜਿਤਨਾ ਤੂੰ ਕਦੇ ਆਪਣੀ ਪੂਰੀ ਜ਼ਿੰਦਗੀ ਵਿੱਚ ਵੀ ਨਹੀਂ ਵੇਖਿਆ ਹੋਣਾ।"

ਕਿਸਾਨ ਨੇ ਕਿਹਾ, "ਇਹ ਖਜ਼ਾਨਾ ਮੇਰੇ ਖੇਤ ਵਿੱਚ ਹੈ ਸੋ ਮੇਰਾ ਹੀ ਹੋਇਆ।"

ਸ਼ੈਤਾਨ ਨੇ ਕਿਹਾ, "ਇਹ ਤੇਰਾ ਹੋ ਜਾਏਗਾ ਜੇਕਰ ਤੂੰ ਆਪਣੇ ਅਗਲੇ ਦੋ ਸਾਲ ਦੀ ਫ਼ਸਲ ਦਾ ਅੱਧਾ ਹਿੱਸਾ ਮੈਨੂੰ ਦੇਵੇਂਗਾ। ਮੇਰੇ ਕੋਲ ਧਨ ਤਾਂ ਬਹੁਤ ਹੈ, ਪਰ ਮੇਰੀ ਇੱਛਾ ਹੈ ਕਿ ਇਸ ਧਰਤੀ ਦੇ ਫਲ-ਫ਼ਸਲ ਖਾਵਾਂ।"

ਕਿਸਾਨ ਇਸ ਸੌਦੇ ਲਈ ਰਾਜ਼ੀ ਹੋ ਗਿਆ। ਉਹ ਬੋਲਿਆ, "ਕਿਤੇ ਹਿੱਸੇ ਨੂੰ ਲੈ ਕੇ ਸਾਡਾ ਝਗੜਾ ਹੀ ਨਾ ਹੋ ਜਾਵੇ, ਇਸ ਲਈ ਜੋ ਮਿੱਟੀ ਦੇ ਉੱਪਰ ਉੱਗੇਗਾ ਉਹ ਤੇਰਾ, ਤੇ ਜੋ ਮਿੱਟੀ ਦੇ ਨੀਚੇ ਉੱਗੇਗਾ ਉਹ ਮੇਰਾ ਹੋਏਗਾ।"

ਇਹ ਸੁਣ ਕੇ ਸ਼ੈਤਾਨ ਨੂੰ ਤੱਸਲੀ ਤਾਂ ਬਹੁਤ ਹੋਈ, ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਚਲਾਕ ਕਿਸਾਨ ਨੇ ਸ਼ਲਗਮ ਬੀਜੇ ਸਨ।

ਜਦ ਵਾਢੀ ਦਾ ਵੇਲਾ ਹੋਇਆ, ਸ਼ੈਤਾਨ ਆ ਗਿਆ ਤੇ ਆਪਣਾ ਹਿੱਸਾ ਮੰਗਣ ਲੱਗਾ; ਪਰ ਉਸਨੂੰ ਪੀਲੇ ਮੁਰਝਾਏ ਫੁੱਲਾਂ ਤੋਂ ਇਲਾਵਾ ਕੁੱਝ ਵੀ ਹੋਰ ਨਾ ਮਿਲਿਆ। ਸ਼ੈਤਾਨ ਨੇ ਕਿਹਾ, "ਇੱਕ ਵਾਰੀ ਤਾਂ ਇੰਞ ਹੋ ਗਿਆ, ਪਰ ਅਗਲੀ ਵਾਰ ਅਜਿਹਾ ਨਹੀਂ ਚੱਲੇਗਾ। ਇਸ ਵਾਰ ਜੋ ਵੀ ਜ਼ਮੀਨ ਦੇ ਉੱਤੇ ਉੱਗੇਗਾ ਉਹ ਤੇਰਾ ਹੋਏਗਾ, ਅਤੇ ਜੋ ਹੇਠਾਂ ਉੱਗੇਗਾ, ਉਹ ਮੇਰਾ।"

"ਮੈਨੂੰ ਮਨਜ਼ੂਰ ਹੈ।" ਕਿਸਾਨ ਨੇ ਕਿਹਾ।

ਪਰ ਜਦੋਂ ਮੁੜ ਤੋਂ ਫ਼ਸਲ ਬੀਜਣ ਦਾ ਸਮਾਂ ਆਇਆ ਤਾਂ ਉਸਨੇ ਸ਼ਲਗਮ ਨਹੀਂ ਕਣਕ ਬੀਜੀ। ਜਦ ਫ਼ਸਲ ਪੱਕ ਗਈ, ਕਿਸਾਨ ਖੇਤ ਵਿੱਚ ਗਿਆ ਅਤੇ ਆਪਣੀ ਫ਼ਸਲ ਵੱਢ ਕੇ ਲੈ ਗਿਆ। ਜਦ ਸ਼ੈਤਾਨ ਆਇਆ ਤਾਂ ਉਸਨੂੰ ਸਿਰਫ਼ ਆਪਣੇ ਹਿੱਸੇ ਦੀ ਪਰਾਲੀ ਹੀ ਦਿੱਸ ਰਹੀ ਸੀ। ਉਸਨੂੰ ਗੁੱਸਾ ਆਇਆ ਅਤੇ ਪੱਥਰਾਂ ਦੀ ਤਰੇੜਾਂ ਵਿੱਚੋਂ ਹੁੰਦੇ ਹੋਏ ਉਹ ਜ਼ਮੀਨ ਹੇਠਾਂ ਪਤਾਲ ਵਿੱਚ ਚਲਾ ਗਿਆ।

"ਸ਼ੈਤਾਨ ਨਾਲ ਧੋਖਾ ਕਰਨ ਦਾ ਇਹੋ ਤਰੀਕਾ ਹੈ", ਕਿਸਾਨ ਨੇ ਕਿਹਾ, ਅਤੇ ਖਜ਼ਾਨਾ ਲੈ ਕੇ ਚਲਾ ਗਿਆ। ■

42.195 ਕਿਲੋਮੀਟਰ

ਮੈਰਾਥਨ ਵਿਚ ਪਹਿਲੀ ਵਾਰ ਇੱਕ ਕੁੜੀ ਦੌੜੀ ; ਅਧਿਕਾਰੀ ਨੂੰ ਪਤਾ ਲੱਗਾ ਤਾਂ ਉਸਨੂੰ ਬਾਹਰ ਧੱਕਾ ਦੇਣ ਲੱਗਾ।



ਇੰਨੇ ਨੂੰ ਕੁੜੀ ਦੇ ਪ੍ਰੇਮੀ ਟੌਮ ਨੇ ਅਧਿਕਾਰੀ ਨੂੰ ਧੱਕਾ ਦਿੱਤਾ।





ਚਿੱਤਰ: © ਬੋਸਟਨ ਹੇਰਲਡ

ਉਹ ਅਧਿਕਾਰੀ ਬਾਹਰ ਡਿੱਗ ਪਿਆ।

ਪੱਤਰਕਾਰਾਂ ਨੇ ਉਸ ਕੁੜੀ ਨੂੰ ਘੇਰ ਲਿਆ, ਪਰ ਉਹ ਦੌੜਦੀ ਰਹੀ। ਉਹ ਜਾਣਦੀ ਸੀ ਕਿ ਕੱਲ੍ਹ ਦੇ ਅਖਬਾਰ 'ਚ ਉਸਦਾ ਚਿੱਤਰ ਜ਼ਰੂਰ ਆਵੇਗਾ, ਪਰ ਉਸਦੇ ਨਾਲ ਖ਼ਬਰ ਕੀ ਆਵੇਗੀ, ਇਹ ਹੁਣ ਉਸਦੇ ਆਪਣੇ ਹੱਥ ਸੀ।

42.195 ਕਿਲੋਮੀਟਰ

ਉਸ ਵੇਲੇ ਕੈਥਰੀਨ ਸਵਿਟਜ਼ਰ ਦੀ ਉਮਰ 19 ਸਾਲ ਸੀ ਜਦ ਉਸਨੇ ਲਗਭਗ 42 ਕਿਲੋਮੀਟਰ ਦੇ ਮੈਰਾਥਨ ਵਿੱਚ ਦੌੜਨ ਵਾਰੇ ਸੋਚਿਆ। ਅਮੈਰਿਕਾ ਵਿੱਚ ਉਸ ਵੇਲੇ ਕਿਸੇ ਔਰਤ ਨੇ ਇੰਨੀ ਲੰਬੀ ਦੌੜ ਵਿੱਚ ਹਿੱਸਾ ਨਹੀਂ ਲਿਆ ਸੀ, ਮੌਕਾ ਹੀ ਨਹੀਂ ਦਿੱਤਾ ਗਿਆ।

ਦੌੜ ਦੇ ਨਿਯਮਾਂ ਵਿੱਚ ਤਾਂ ਨਹੀਂ ਲਿਖਿਆ ਸੀ, ਪਰ ਇਹ ਇੱਕ ਅਣਕਿਹਾ ਰਿਵਾਜ਼ ਸੀ ਕਿ ਔਰਤਾਂ ਇਸ ਦੌੜ ਵਿੱਚ ਹਿੱਸਾ ਨਹੀਂ ਲੈ ਸਕਦੀਆਂ।

ਅਗਲੇ ਹੀ ਸਾਲ (1967 ਵਿੱਚ) ਅਮੈਰਿਕਾ ਦੇ ਬੋਸਟਨ ਦੇ ਮੈਰਾਥਨ ਵਿੱਚ ਕੈਥਰੀਨ ਆਪਣੇ ਕੋਚ ਅਰਨੀ ਅਤੇ ਪ੍ਰੇਮੀ ਟੌਮ ਨਾਲ ਹਿੱਸਾ ਲੈਣ ਪਹੁੰਚੇ। ਦੌੜ ਸ਼ੁਰੂ ਹੋਈ। ਕੁੱਝ ਮੀਲ ਬਾਅਦ ਇੱਕ ਅਧਿਕਾਰੀ ਨੇ ਵੇਖਿਆ ਤੇ ਉਸ ਕੁੜੀ ਨੂੰ ਵੇਖ ਇੰਨੇ ਗੁੱਸੇ ਵਿੱਚ ਆ ਗਿਆ ਕਿ ਨੱਸਦੇ ਹੋਏ ਆਇਆ ਤੇ ਕੈਥਰੀਨ ਨੂੰ ਦੌੜ ਤੋਂ ਬਾਹਰ ਧੱਕਾ ਦੇਣ ਲੱਗਾ। ਖਿੱਚ-ਧੂਹ ਹੋਈ। ਇੰਨੇ ਨੂੰ ਟੌਮ ਨੇ ਆ ਕੇ ਅਧਿਕਾਰੀ ਨੂੰ ਧੱਕਾ ਦਿੱਤਾ ਤੇ ਉਸਨੂੰ ਦੌੜ ਤੋਂ ਬਾਹਰ ਕਰ ਦਿੱਤਾ। ਉਹ ਅਧਿਕਾਰੀ ਬਾਹਰ ਡਿੱਗ ਪਿਆ, ਉਸਦੇ ਸ਼ਾਇਦ ਕੁੱਝ ਸੱਟ ਵੀ ਲੱਗੀ।

ਕੁੱਝ ਦੇਰ ਬਾਅਦ ਅਖ਼ਬਾਰਾਂ ਦੇ ਪੱਤਰਕਾਰ ਦੌੜਦੀ ਕੈਥਰੀਨ ਨੂੰ ਘੇਰਨ ਤੇ ਸਵਾਲ ਕਰਨ ਲੱਗੇ। ਅਧਿਕਾਰੀ ਵਾਰੇ ਸੋਚ ਸੋਚ ਕੇ ਉਸਨੂੰ ਡਰ ਲੱਗ ਰਿਹਾ ਸੀ ਕਿ ਕਿਤੇ ਉਸਨੂੰ ਪੁਲਿਸ ਦੇ ਹਵਾਲੇ ਨਾ ਕਰ ਦੇਵੇ। ਇੰਨੇ ਨੂੰ ਟੌਮ ਨੇ ਖਿੱਝ ਕੇ ਕਿਹਾ ਕਿ ਧੱਕਾ ਦੇਣ ਦੇ ਦੋਸ਼ ਕਰਕੇ ਟੌਮ ਕਦੇ ਵੀ ਓਲਿੰਪਿਕ ਖੇਡਾਂ 'ਚ ਨਹੀਂ ਜਾ ਪਵੇਗਾ ਤੇ ਕੈਥਰੀਨ 'ਤੇ ਗੁੱਸਾ ਕੱਢਣ ਲੱਗਾ।

C

ਇਸ ਸਭ ਨੇ ਕੈਥਰੀਨ ਦਾ ਹੌਸਲਾ ਤੋੜ ਕੇ ਰੱਖ ਦਿੱਤਾ। ਉਸਦਾ ਮਨ ਕਰਦਾ ਸੀ ਕਿ ਰੁਕ ਜਾਵੇ।

ਸ਼ਰਮਸਾਰ ਹੋਈ ਉਹ ਸਿਰ ਨੀਵਾਂ ਕਰ ਦੌੜਦੀ ਜਾਂਦੀ। ਉਹ ਜਾਣਦੀ ਸੀ ਕਿ ਕੱਲ੍ਹ ਦੇ ਅਖਬਾਰ 'ਚ ਉਸਦਾ ਚਿੱਤਰ ਆਵੇਗਾ, ਪਰ ਉਸਦੇ ਨਾਲ ਕੀ ਖ਼ਬਰ ਲਿਖੀ ਜਾਣੀ ਸੀ, ਉਹ ਉਸਦੇ ਹੱਥ ਸੀ। ਜਾਣਦੀ ਸੀ ਕਿ ਜੇਕਰ ਉਸਦੀ ਦੌੜ ਅਧੂਰੀ ਛੱਡਣ ਦੀ ਖ਼ਬਰ ਆਈ ਤਾਂ ਔਰਤਾਂ ਨੂੰ ਕਮਜ਼ੋਰ ਕਿਹਾ ਜਾਵੇਗਾ ਅਤੇ ਉਨ੍ਹਾਂ ਲਈ ਇਸ ਮੁਕਾਬਲੇ ਦਾ ਰਾਹ ਬੰਦ ਹੋ ਜਾਏਗਾ। ਭੱਜਦਿਆਂ ਉਸਦੇ ਪੈਰਾਂ 'ਚੋਂ ਖੂਨ ਨਿਕਲਣ ਲੱਗਾ।

ਉਸ ਸਰਦ ਦੁਪਹਿਰ ਕੋਚ ਅਰਨੀ ਨਾਲ ਕੈਥਰੀਨ ਨੇ 42 ਕਿਲੋਮੀਟਰ ਤੋਂ ਵੱਧ ਦੀ ਦੌੜ ਪੂਰੀ ਕੀਤੀ।

ਤੇ ਅਗਲੀ ਸਵੇਰ ਹਰ ਅਖਬਾਰ ਦੇ ਪਹਿਲੇ ਪੰਨੇ 'ਤੇ ਉਸਦੀ ਤਸਵੀਰ ਸੀ। ■



ਬੇਪਰਵਾਹ

ਰੱਬੀ ਸ਼ੇਰਗਿੱਲ ਮੰਨਦੇ ਹਨ ਕਿ ਕਲਾ ਬਾਜ਼ਾਰ 'ਚ ਵਿਕਦਾ ਸਮਾਨ ਨਹੀਂ, ਧਰਤੀ 'ਚ ਉੱਗਦਾ ਫੁੱਲ ਹੈ ਜਿਸਨੂੰ ਕਿਸੇ ਮਸ਼ਹੂਰੀ ਦੀ ਲੋੜ ਨਹੀਂ।



ਪੰਜਾਬੀ ਪੌਪ ਕਲਚਰ ਵਿੱਚ ਤੁਸੀਂ ਆਪਣੇ ਆਪ ਨੂੰ ਕਿੱਥੇ ਵੇਖਦੇ ਹੋ? ਇਸਦੀ ਵਜ੍ਹਾ?

ਹਾਸ਼ੀਏ 'ਤੇ। ਕਿਉਂਕਿ ਅਜੋਕੇ ਪੰਜਾਬੀ ਸੰਗੀਤ ਦੇ ਮਰਕਜ਼ ਅੰਦਰ ਵੜਨ ਦੀਆਂ ਕੁਝ ਸ਼ਰਤਾਂ ਨੇ: ਪੇਂਡੂ/ਜੱਟਪੁਣੇ ਦਾ ਉਛਾੜ[1], ਮੁੰਡੀਰ ਨੂੰ ਮੁਖਾਤਿਬੀ[2], ਮਲਵਈ/ਦੁਆਬੀ ਜ਼ੁਬਾਨ, ਜਲੰਧਰ ਦੂਰਦਰਸ਼ਨੀ ਧੁਨੀ ਤੇ ਐਲਗੋਰਿਦਮ ਤੇ ਸੋਸ਼ਲ ਮੀਡਿਆ ਨੂੰ ਚੜ੍ਹਾਵੇ। ਪੰਜਾਬੀਅਤ ਦੇ ਆਲਮੀ ਪਸਾਰੇ ਨੂੰ ਹਜ਼ਮ ਕਰ ਸਕਣ ਵਾਲੀ ਕਲਾ; 21ਵੀਂ ਸਦੀ ਦੇ ਵਲਵਲਿਆਂ ਨੂੰ ਜ਼ੁਬਾਨ ਦੇਣ ਦੀ ਸਮਰੱਥਾ; ਪੰਜਾਬੀਅਤ ਦੇ ਨਵੇਂ ਤਜਰਬਿਆਂ ਲਈ ਨਵੇਂ ਧੁਰੇ ਨਿਯਤ ਕਰਨੇ, ਕਲਾ ਨੂੰ ਨਵੇਂ ਜਾਮੇ ਦੇਣੇ ਹਾਲ ਦੀ ਘੜੀ ਪੰਜਾਬੀ ਪੌਪ-ਕਲਚਰ ਦੇ ਚਿੱਤ-ਚੇਤਿਆਂ ਤੋਂ ਲਾਂਭੇ[3] ਪਏ ਵਿਸ਼ੇ ਹਨ। ਹੋਰ ਕਾਰਣ ਮੇਰਾ ਆਪਣਾ ਅੜਬੰਗਪੁਣਾ[4] ਵੀ ਹੋ ਸਕਦੈ।

1. ਉਛਾੜ: ਗਲਾਫ਼ 2. ਮੁੰਡੀਰ ਨੂੰ ਮੁਖਾਤਿਬੀ: ਮੁੰਡੀਰ ਨੂੰ ਸੰਬੋਧਨ
3. ਲਾਂਭੇ: ਦੂਰ 4. ਅੜਬੰਗਪੁਣਾ: ਅੜਬਪੁਣਾ



ਇੱਕ ਚੰਗੇ ਪਕਵਾਨ ਦੀ ਖ਼ੁਸ਼ਬੋ ਕਦੇ ਨਾ ਕਦੇ ਆ ਹੀ ਜਾਂਦੀ ਹੈ, ਪਰ ਬਾਜ਼ਾਰੀਕਰਨ ਦੇ ਦੌਰ ਵਿੱਚ ਜੋ ਪਰੋਸਿਆ ਜਾਂਦਾ ਹੈ ਓਹੀ ਖਾਇਆ ਜਾਵੇਗਾ। ਆਪਣੇ ਕੰਮ ਦੀ ਸਿਰਫ਼ ਨਾਮ-ਮਾਤਰ ਮਸ਼ਹੂਰੀ ਕਰਕੇ ਕੀ ਤੁਸਾਂ ਸਰੋਤਿਆਂ ਸਾਹਮਣੇ ਚੰਗੇ ਪਕਵਾਨ (ਤੁਹਾਡੀ ਕਲਾਕਾਰੀ) ਆਉਣ ਦਾ ਮੌਕਾ ਬਹੁਤ ਘਟਾ ਤਾਂ ਨਹੀਂ ਦਿੱਤਾ?

ਇੱਥੇ ਪ੍ਰਾਕਥਨ ਬਣਦਾ ਹੈ: ਮੇਰੀ ਕਲਾ ਤੇ ਸਮਾਜ ਦੀ ਸਮਝ 1990 ਦੇ ਦਸ਼ਕ 'ਚ ਪਕਾਅ ਨੂੰ ਅੱਪੜੀ ਜਦੋਂ ਟੀਵੀ 'ਤੇ ਗਾਣੇ ਆਪਣੀ ਕਿਸੇ ਖ਼ਾਸ ਖ਼ੂਬੀ ਦੇ ਸਿਰ 'ਤੇ ਸਰੋਤਿਆਂ 'ਚ ਪ੍ਰਵਾਨ ਹੁੰਦੇ ਸਨ, ਨਾ ਕਿ ਮਾਰਕੇਟਿੰਗ ਦੇ ਬਜਟ 'ਤੇ। ਆਰਟਿਸਟ ਦਾ ਜ਼ਿੰਮਾ ਉਸਦੀ ਕਲਾ ਸੀ। ਗਾਇਕ ਗਾਇਕੀ 'ਤੇ ਕੰਮ ਕਰਦੇ, ਲਿਖਾਰੀ ਲੇਖਣੀ ਤੇ ਸਾਜ਼ਿੰਦੇ ਸਾਜ਼ਿੰਦਗੀ 'ਤੇ। ਮੇਰੇ ਸੰਗੀਤਕ ਆਦਰਸ਼ ਬਰੂਸ ਸਪ੍ਰਿੰਗਸਟੀਨ, ਬੌਬ ਡਿਲਨ, ਸਟਿੰਗ ਤੇ ਮਾਰਕ ਨੌਪਫ਼ਲਰ ਜਿਹੇ ਪੱਛਮੀ ਗਾਇਕ-ਲੇਖਕ ਸਨ ਜਿਨ੍ਹਾਂ ਦੇ ਕਲਾਤਮਕ ਸਰੋਕਾਰਾਂ ਦਾ ਆਪਣੇ ਆਲੇ-ਦੁਆਲੇ ਨਾਲ ਨਹੁੰ-ਮਾਸ ਦਾ ਰਿਸ਼ਤਾ ਸੀ। ਮੈਂ ਇਹੋ ਜਿਹੇ ਕਲਾਕਾਰ ਦੀ ਪਿਰਤ[5] ਆਪਣੇ ਮਾਹੌਲ 'ਚ ਪਾਉਣੀ ਚਾਹੁੰਦਾ ਸਾਂ। ਇਸਦਾ ਮਤਲਬ ਸੀ: ਸੰਗੀਤ ਦੇ ਤਿੰਨ ਪਹਿਲੂਆਂ 'ਚ ਪਾਰੰਗਤ ਦਾ ਨਿਸ਼ਾਨਾ ਰੱਖਣਾ। ਥੋੜ੍ਹੇ ਸਮੇਂ ਪਿੱਛੋਂ ਪਤਾ ਲੱਗਾ ਕਿ ਦੋ ਹੋਰ ਪਹਿਲੂ--ਜਨਤਕ ਅਦਾਇਗੀ ਤੇ ਸਟੂਡੀਓਕਾਰੀ ਵੀ ਜਦੀਦੀ[6] ਫ਼ਨਕਾਰ ਲਈ ਲਾਜ਼ਮੀ ਗੁਣ ਹਨ। ਉਹ ਵੀ ਮਿਹਨਤ ਮੰਗਦੇ ਸਨ। ਸੰਜੋਗ ਨਾਲ ਇਹਨਾਂ ਸਾਰੇ ਪਹਿਲੂਆਂ ਤੇ ਕਲਾਕਾਰ ਦੀ ਰੂਹ ਵਿਚਾਲੇ ਸਹਿਜ ਸੀ; ਯਾਰੀ ਸੀ, ਉਹ ਕਲਾ ਦੀ ਬੇੜੀ ਇੱਕੋ ਦਿਸ਼ਾ 'ਚ ਖਹਿੰਦੇ ਸਨ।

ਪਰ 2007 ਆਉਂਦਿਆਂ-ਆਉਂਦਿਆਂ ਕਲਾਕਾਰ ਲਈ ਕੁੱਝ ਹੋਰ ਲਾਜ਼ਮੀ ਸ਼ਰਤਾਂ ਦਾ ਉਦੈ ਹੋਇਆ ਜਿਹਨਾਂ ਦਾ ਕਲਾ-ਦੀ-ਰੂਹ ਨਾਲ ਵਾਇਰਸ ਜਿਹਾ ਰਿਸ਼ਤਾ ਸੀ -- ਮਾਰਕੇਟਿੰਗ, ਨੈਟਵਰਕਿੰਗ, ਅਤਿ-ਸਰਮਾਇਆ ਆਦਿ। ਜੇ ਕਲਾਕਾਰ ਇਹਨਾਂ 'ਚ ਪਾਰੰਗਤੀ ਲੋਚਦਾ ਤਾਂ ਕਲਾ ਜਾਂਦੀ ਸੀ, ਜੇ ਨਾ ਲੋਚਦਾ ਤਾਂ ਸਭਿਆਚਾਰ 'ਚ ਥਾਂ ਜਾਂਦੀ ਸੀ। ਇਸ ਤੋਂ ਬਾਅਦ ਦਾ ਬਿਰਤਾਂਤ ਕਲਾ ਦਾ ਇਸ 'ਗੱਲ-ਚ-'ਗੂਠੇ' ਦੇ ਬਾਵਜੂਦ ਕੁਝ ਕਹਿ ਸਕਣ ਦਾ ਬਿਰਤਾਂਤ ਹੈ। ਆਪਣੀ ਮਸੂਮੀਅਤ ਨੂੰ ਲੁੱਚਿਆਂ ਦੇ ਮਹੱਲੇ ਚ ਸਾਂਭ ਰੱਖਣ ਦੀ ਕਸ਼-ਮ-ਕਸ਼ ਹੈ; ਕਪਰਵਾਤ[7] 'ਚ ਬੇੜੀ ਕੰਢੇ ਲਾਉਣ ਦੀ ਜੱਦੋਜਹਿਦ ਹੈ। ਨਾਲੇ, ਮੇਰੀ ਜਾਚੇ ਕਲਾ ਬਜ਼ਾਰ 'ਚ ਰੱਖੇ ਸੌਦੇ ਨੌਂ[8] ਵੱਧ ਧਰਤ 'ਚ ਉੱਗਦਾ ਫੁੱਲ ਹੈ। ਫੁੱਲ ਨੂੰ ਆਪਣੀ ਵਾਸ਼ਨਾ ਦੀ ਮਸ਼ਹੂਰੀ ਦੇਣੀ ਫ਼ੱਬਦੀ ਨਹੀਂ। ਉਸਦੀ ਮਹਿਕ ਹੀ ਉਸਦਾ ਇਸ਼ਤਿਹਾਰ ਹੋਵੇ। ■

5. ਪਿਰਤ ਪਾਉਣੀ: ਰਿਵਾਜ਼, ਆਦਤ 6. ਜਦੀਦੀ: ਨਵੇਂ
7. ਕਪਰਵਾਤ: ਘੁੰਮਣਘੇਰੀ 8. ਨੌਂ: ਤੋਂ

...ਪ੍ਰੀਖਿਆ ਵੇਲੇ ਦੀ ਇੱਕ ਘਟਨਾ ਦੱਸਣਯੋਗ ਹੈ। ਸ਼੍ਰੀ ਜਾਏਲਜ਼, ਸਿੱਖਿਆ ਵਿਭਾਗ ਦੇ ਨਿਰੀਖਕ, ਜਾਂਚ ਪੜਤਾਲ ਕਰਨ ਆਏ ਸਨ। ਉਨ੍ਹਾਂ ਨੇ ਸਾਨੂੰ ਲਿਖਣ ਲਈ ਪੰਜ ਸ਼ਬਦ ਦਿੱਤੇ। ਉਨ੍ਹਾਂ 'ਚੋਂ ਇੱਕ ਸ਼ਬਦ 'ਕੈਟਲ' ਸੀ। ਮੈਂ ਇਸਦੇ ਸ਼ਬਦ-ਜੋੜ ਗਲਤ ਲਿੱਖੇ। ਮੇਰੇ ਅਧਿਆਪਕ ਨੇ ਆਪਣੇ ਬੂਟ ਦੀ ਨੋਕ ਮਾਰ ਕੇ ਮੈਨੂੰ ਸਾਵਧਾਨ ਕੀਤਾ। ਪਰ ਮੈਂ ਕਿੱਥੇ ਸਾਵਧਾਨ ਹੋਣ ਲੱਗਾ? ਮੈਨੂੰ ਖ਼ਿਆਲ ਹੀ ਨਾ ਆਇਆ ਕਿ ਅਧਿਆਪਕ ਤਾਂ ਨਾਲ ਦੇ ਮੁੰਡੇ ਦੀ ਫੱਟੀ ਵੇਖ ਕੇ ਸ਼ਬਦ-ਜੋੜ ਠੀਕ ਕਰਨ ਨੂੰ ਕਹਿੰਦੇ ਹਨ। ਸਬ ਮੁੰਡਿਆਂ ਦੇ ਪੰਜ ਸ਼ਬਦ ਸਹੀ ਨਿਕਲੇ ਤੇ ਇੱਕਲਾ ਮੈਂ ਰਹਿ ਗਿਆ! ਅਧਿਆਪਕ ਨੇ ਮੈਨੂੰ 'ਮੂਰਖ' ਨੂੰ ਮੇਰੀ ਗਲਤੀ ਬਾਅਦ 'ਚ ਦੱਸੀ ਪਰ ਮੇਰੇ ਮਨ 'ਤੇ ਉਨ੍ਹਾਂ ਦੇ ਸਮਝਾਉਣ ਦਾ ਅਸਰ ਨਹੀਂ ਹੋਇਆ। ਮੈਥੋਂ ਕਦੇ ਨਕਲ ਮਾਰਨ ਦੀ ਕਲਾ ਨਾ ਸਿੱਖ ਹੋਈ।

ਮੋਹਨਦਾਸ

'ਸੱਚ ਨਾਲ ਮੇਰੇ ਪ੍ਰਯੋਗ ਜਾਂ ਆਤਮ ਕਥਾ'





ਵਿਆਹ ਦਾ ਕਾਰਨ

ਪ੍ਰੇਮ ਚੰਦ

ਇਹ ਸਵਾਲ ਟੇਢਾ ਹੈ ਕਿ ਲੋਕ ਵਿਆਹ ਕਿਉਂ ਕਰਾਉਂਦੇ ਹਨ। ਔਰਤ ਤੇ ਆਦਮੀ ਨੂੰ ਕੁਦਰਤੀ ਇੱਕ ਦੂਜੇ ਦੀ ਲੋੜ ਹੁੰਦੀ ਹੈ ਪਰ ਮੌਜੂਦਾ ਹਲਾਤਾਂ ਵਿੱਚ ਆਮ ਤੌਰ ਉੱਤੇ ਵਿਆਹ ਦੀ ਇਹ ਸੱਚੀ ਵਜ੍ਹਾ ਨਹੀਂ ਹੁੰਦੀ, ਬਲਕਿ ਵਿਆਹ ਸੱਭਿਆ ਸਮਾਜ ਦੀ ਇੱਕ ਰਸਮ-ਜਿਹੀ ਹੋ ਗਈ ਹੈ। ਖੈਰ, ਮੈਂ ਵਿਆਹੇ ਲੋਕਾਂ ਨੂੰ ਇਸ ਵਾਰੇ ਪੁੱਛਿਆ ਤਾਂ ਲੋਕਾਂ ਨੇ ਇੰਨੇ ਤਰ੍ਹਾਂ ਦੇ ਜਵਾਬ ਦਿੱਤੇ ਕਿ ਮੈਂ ਹੈਰਾਨ ਰਹਿ ਗਿਆ। ਉਹ ਜਵਾਬ ਪਾਠਕਾਂ ਦੇ ਮਨੋਰੰਜਨ ਲਈ ਹੇਠਾਂ ਲਿਖੇ ਜਾਂਦੇ ਹਨ:

ਇੱਕ ਸਾਹਿਬ ਦਾ ਬਿਆਨ ਹੈ ਕਿ ਉਹਦਾ ਵਿਆਹ ਬਿਲਕੁਲ ਨਿਆਣ-ਮੱਤ ਵਿੱਚ ਹੋਇਆ ਤੇ ਉਹਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਮੇਰੇ ਮਾਂ-ਪਿਓ ਉੱਤੇ ਹੈ। ਦੂਜੇ ਸਾਹਿਬ ਨੂੰ ਆਪਣੇ ਹੁਸਨ 'ਤੇ ਬੜਾ ਮਾਣ ਹੈ। ਉਹਨਾਂ ਦਾ ਖਿਆਲ ਹੈ ਕਿ ਉਹਨਾਂ ਦਾ ਵਿਆਹ ਉਹਨਾਂ ਦੇ ਸੋਹਣੇ ਰੂਪ ਕਰਕੇ

ਹੋਇਆ। ਤੀਸਰੇ ਸਾਹਿਬ ਫਰਮਾਉਂਦੇ ਹਨ ਕਿ ਮੇਰੇ ਗੁਆਂਢ ਵਿੱਚ ਇੱਕ ਮੁਨਸ਼ੀ ਜੀ ਰਹਿੰਦੇ ਸਨ ਜਿਹਨਾਂ ਦੀ ਇੱਕੋ ਕੁੜੀ ਸੀ। ਮੈਂ ਤਰਸ ਕਰਕੇ ਆਪ ਹੀ ਗੱਲਬਾਤ ਕਰਕੇ ਵਿਆਹ ਕਰ ਲਿਆ। ਇੱਕ ਸਾਹਿਬ ਨੂੰ ਆਪਣੇ ਵਾਰਿਸ ਦੇ ਤੌਰ 'ਤੇ ਮੁੰਡਾ ਚਾਹੀਦਾ ਸੀ। ਬਸ ਇਸੇ ਧੁਨ ਵਿੱਚ ਵਿਆਹ ਕਰ ਲਿਆ। ਪਰ ਬਦਕਿਸਮਤੀ ਨਾਲ ਉਹਨਾਂ ਦੇ ਹੁਣ ਤੱਕ ਸੱਤ ਕੁੜੀਆਂ ਹੋ ਗਈਆਂ ਹਨ ਤੇ ਮੁੰਡੇ ਦਾ ਕਿਧਰੇ ਪਤਾ ਨਹੀਂ। ਕਹਿੰਦੇ ਹਨ ਕਿ ਮੇਰਾ ਖਿਆਲ ਹੈ ਕਿ ਇਹ ਸ਼ਰਾਰਤ ਮੇਰੀ ਪਤਨੀ ਦੀ ਹੈ ਜੋ ਇੰਜ ਮੈਨੂੰ ਦੁਖੀ ਕਰਨਾ ਚਾਹੁੰਦੀ ਹੈ। ਇੱਕ ਸਾਹਿਬ ਬੜੇ ਪੈਸੇ ਵਾਲੇ ਹਨ ਅਤੇ ਉਹਨਾਂ ਨੂੰ ਆਪਣੀ ਦੌਲਤ ਖ਼ਰਚ ਕਰਨ ਦਾ ਕੋਈ ਤਰੀਕਾ ਹੀ ਨਹੀਂ ਸੀ ਪਤਾ ਇਸ ਲਈ ਉਹਨਾਂ ਨੇ ਵਿਆਹ ਕੀਤਾ। ਇੱਕ ਹੋਰ ਸਾਹਿਬ ਕਹਿੰਦੇ ਹਨ ਕਿ ਮੇਰੇ ਆਪਣੇ ਤੇ ਸੰਬੰਧੀ ਹਰ ਵਕਤ ਮੈਨੂੰ ਘੇਰੀ ਰੱਖਦੇ ਸਨ ਇਸ ਲਈ ਮੈਂ ਵਿਆਹ ਕਰ ਲਿਆ। ਤੇ ਇਸਦਾ ਨਤੀਜਾ ਇਹ ਹੋਇਆ ਕਿ ਹੁਣ ਮੈਨੂੰ ਸ਼ਾਂਤੀ ਹੈ। ਹੁਣ ਮੇਰੇ ਇੱਥੇ ਕੋਈ ਨਹੀਂ ਆਉਂਦਾ। ਇੱਕ ਸਾਹਿਬ ਸਾਰੀ ਉਮਰ ਦੂਜਿਆਂ ਦੇ ਵਿਆਹ ਉੱਤੇ ਤੋਹਫ਼ੇ ਤੇ ਭੇਟਾ ਦਿੰਦੇ ਦਿੰਦੇ ਪਰੇਸ਼ਾਨ ਹੋ ਗਏ ਤਾਂ ਉਹਨਾਂ ਦੀ ਵਾਪਸੀ ਲੈਣ ਲਈ ਆਪ ਵਿਆਹ ਕਰ ਲਿਆ।

ਹੋਰ ਸਾਹਿਬਾਂ ਨਾਲ ਮੈਂ ਜਦ ਗੱਲ ਕੀਤੀ ਤਾਂ ਉਹਨਾਂ ਹੇਠ ਲਿਖੇ ਕਾਰਨ ਦੱਸੇ। ਇਹ ਜਵਾਬ ਉਹਨਾਂ ਦੇ ਹੀ ਸ਼ਬਦ ਵਿੱਚ ਲੜੀਵਾਰ ਹੇਠਾਂ ਦਰਜ ਕੀਤੇ ਜਾਂਦੇ ਹਨ:

1. ਮੇਰਾ ਸਹੁਰਾ ਇੱਕ ਅਮੀਰ ਆਦਮੀ ਸੀ, ਉਹਨਾਂ ਦੀ ਇਹ ਇੱਕੋ ਧੀ ਸੀ, ਇਸ ਲਈ ਮੇਰੇ ਪਿਤਾ ਨੇ ਵਿਆਹ ਕਰਵਾ ਦਿੱਤਾ।

2. ਮੇਰੇ ਪਿਉ-ਦਾਦਾ ਸਾਰੇ ਹੀ ਵਿਆਹ ਕਰਾਉਂਦੇ ਆਏ ਹਨ ਇਸ ਲਈ ਮੈਨੂੰ ਵੀ ਵਿਆਹ ਕਰਾਉਣਾ ਪਿਆ।

3. ਮੈਂ ਹਮੇਸ਼ਾ ਤੋਂ ਹੀ ਚੁੱਪ ਤੇ ਘੱਟ ਬੋਲਣ ਵਾਲਾ ਰਿਹਾ ਹਾਂ, ਇਨਕਾਰ ਨਾ ਕਰ ਸਕਿਆ।

4. ਮੇਰੇ ਸਹੁਰੇ ਨੇ ਸ਼ੁਰੂ ਵਿੱਚ ਆਪਣੇ ਧਨ-ਦੌਲਤ ਦਾ ਬਹੁਤ ਦਿਖਾਵਾ ਕੀਤਾ ਇਸ ਕਰਕੇ ਮੇਰੇ ਮਾਂ-ਪਿਓ ਨੇ ਫੌਰਨ ਮੇਰਾ ਵਿਆਹ ਮਨਜ਼ੂਰ ਕਰ ਲਿਆ।

5. ਨੌਕਰ ਚੰਗੇ ਨਹੀਂ ਸੀ ਮਿਲਦੇ ਅਤੇ ਜੇਕਰ ਮਿਲਦੇ ਵੀ ਤਾਂ ਠਹਿਰਦੇ ਨਹੀਂ ਸੀ। ਖ਼ਾਸ ਕਰਕੇ ਰੋਟੀ ਪਕਾਉਣ ਵਾਲਾ ਚੰਗਾ ਨਹੀਂ ਮਿਲਦਾ। ਵਿਆਹ ਤੋਂ ਬਾਅਦ ਇਸ ਮੁਸੀਬਤ ਤੋਂ ਛੁਟਕਾਰਾ ਮਿਲ ਗਿਆ।

6. ਮੈਂ ਆਪਣਾ ਜੀਵਨ-ਬੀਮਾ ਕਰਾਉਣਾ ਚਾਹੁੰਦਾ ਸੀ ਤੇ ਖਾਨਾ-ਪੂਰਤੀ ਵਾਸਤੇ ਵਿਧਵਾ ਦਾ ਨਾਂ ਲਿਖਣਾ ਜਰੂਰੀ ਸੀ।

7. ਮੇਰਾ ਵਿਆਹ ਜ਼ਿੱਦ ਵਿੱਚ ਹੋਇਆ। ਮੇਰਾ ਸਹੁਰਾ ਵਿਆਹ ਲਈ ਰਾਜ਼ੀ ਨਹੀਂ ਹੁੰਦਾ ਸੀ ਪਰ ਮੇਰੇ ਪਿਤਾ ਦੀ ਜ਼ਿੱਦ ਹੋ ਗਈ। ਇਸ ਲਈ ਮੇਰਾ ਵਿਆਹ ਹੋਇਆ। ਅਖੀਰ ਮੇਰੇ ਸਹੁਰੇ ਨੂੰ ਮੇਰਾ ਵਿਆਹ ਕਰਨਾ ਹੀ ਪਿਆ।

8. ਮੇਰੇ ਸੁਹਰੇ ਘਰ ਦੇ ਬੜੇ ਉੱਚੇ ਖਾਨਦਾਨ ਦੇ ਹਨ ਇਸ ਲਈ ਮੇਰੇ ਮਾਂ-ਪਿਓ ਨੇ ਜਤਨ ਕਰਕੇ ਮੇਰਾ ਵਿਆਹ ਕੀਤਾ।

9. ਮੇਰੀ ਪੜ੍ਹਾਈ ਦਾ ਕੋਈ ਸਹੀ ਪ੍ਰਬੰਧ ਨਹੀਂ ਸੀ ਇਸ ਲਈ ਮੈਨੂੰ ਵਿਆਹ ਕਰਨਾ ਪਿਆ।

10. ਮੇਰੇ ਤੇ ਮੇਰੀ ਪਤਨੀ ਦੇ ਜਨਮ ਤੋਂ ਪਹਿਲਾਂ ਹੀ ਸਾਡੇ ਦੋਹਾਂ ਦੇ ਮਾਂ-ਪਿਓ ਵਿੱਚ ਵਿਆਹ ਦੀ ਗੱਲ-ਬਾਤ ਪੱਕੀ ਹੋ ਗਈ ਸੀ।

11. ਲੋਕਾਂ ਦੇ ਕਹਿਣ 'ਤੇ ਮੇਰੇ ਪਿਤਾ ਨੇ ਵਿਆਹ ਕਰਵਾ ਦਿੱਤਾ।

12. ਨਸਲ ਤੇ ਖਾਨਦਾਨ ਚਲਾਉਣ ਲਈ ਵਿਆਹ ਕੀਤਾ।

13. ਮੇਰੀ ਮਾਂ ਦਾ ਦੇਹਾਂਤ ਹੋ ਗਿਆ ਸੀ ਤੇ ਘਰ ਨੂੰ ਸਾਂਭਣ ਵਾਲਾ ਕੋਈ ਨਹੀਂ ਸੀ, ਇਸ ਲਈ ਮਜਬੂਰੀ ਵਿੱਚ ਵਿਆਹ ਕਰਨਾ ਪਿਆ।

14. ਮੇਰੀ ਭੈਣ ਇਕੱਲੀ ਸੀ, ਇਸ ਕਰਕੇ ਵਿਆਹ ਕੀਤਾ।

15. ਮੈਂ ਇਕੱਲਾ ਸੀ, ਦਫ਼ਤਰ ਜਾਂਦੇ ਵੇਲੇ ਘਰ ਨੂੰ ਜਿੰਦਾ ਲਾਉਣਾ ਪੈਂਦਾ ਸੀ ਇਸ ਲਈ ਵਿਆਹ ਕਰ ਲਿਆ।

16. ਮੇਰੀ ਮਾਂ ਨੇ ਸੌਂਹ ਚੁਕਾਈ ਸੀ ਇਸ ਕਰਕੇ ਵਿਆਹ ਕੀਤਾ।

17. ਮੇਰੀ ਪਹਿਲੀ ਪਤਨੀ ਦੀ ਔਲਾਦ ਨੂੰ ਪਰਵਰਿਸ਼ ਦੀ ਲੋੜ੍ਹ ਸੀ, ਇਸ ਲਈ ਵਿਆਹ ਕੀਤਾ।

18. ਮੇਰੀ ਮਾਂ ਦਾ ਖ਼ਿਆਲ ਸੀ ਕਿ ਉਹ ਜਲਦੀ ਹੀ ਮਰਨ ਵਾਲੇ ਹਨ ਤੇ ਮੇਰਾ ਵਿਆਹ ਆਪਣੇ ਸਾਹਮਣੇ ਹੀ ਕਰ ਦੇਣਾ ਚਾਹੁੰਦੇ ਸਨ, ਇਸ ਲਈ ਮੇਰਾ ਵਿਆਹ ਹੋ ਗਿਆ। ਪਰ ਵਿਆਹ ਨੂੰ ਦੱਸ ਸਾਲ ਹੋ ਗਏ ਹਨ, ਰੱਬ ਦੀ ਦਇਆ ਨਾਲ ਮਾਂ ਦੇ ਅਸੀਸ ਦੀ ਛਾਂ ਅਜੇ ਤੱਕ ਕਾਇਮ ਹੈ।

19. ਤਲਾਕ ਲੈਣ ਦਾ ਜੀ ਕਰਦਾ ਸੀ, ਇਸ ਕਰਕੇ ਵਿਆਹ ਕੀਤਾ।

20. ਮੈਂ ਮਰੀਜ ਰਹਿੰਦਾ ਹਾਂ ਤੇ ਕੋਈ ਸੇਵਾ ਕਰਨ ਵਾਲਾ ਨਹੀਂ ਹੈ, ਇਸ ਲਈ ਮੈਂ ਵਿਆਹ ਕੀਤਾ।

21. ਸਿਰਫ਼ ਸਬੱਬ ਨਾਲ ਮੇਰਾ ਵਿਆਹ ਹੋ ਗਿਆ।

22. ਜਿਸ ਸਾਲ ਮੇਰਾ ਵਿਆਹ ਹੋਇਆ ਉਸ ਸਾਲ ਬਹੁਤ ਵੱਡੀ ਸਲਾਹਗ (ਮੁਹੂਰਤ) ਸੀ। ਸਭ ਦਾ ਵਿਆਹ ਹੁੰਦਾ ਪਿਆ ਸੀ, ਮੇਰਾ ਵੀ ਹੋ ਗਿਆ।

23. ਬਿਨ੍ਹਾਂ ਵਿਆਹ ਦੇ ਕੋਈ ਆਪਣਾ ਹਾਲ ਪੁੱਛਣ ਵਾਲਾ ਨਹੀਂ ਸੀ।

24. ਮੈਂ ਵਿਆਹ ਨਹੀਂ ਕੀਤਾ, ਸਿਆਪਾ ਪਾ ਲਿਆ ਹੈ।

25. ਪੈਸੇ ਵਾਲੇ ਚਾਚਾ ਦੀ ਗੱਲ ਨੂੰ ਨਾਂਹ ਨਹੀਂ ਕਰ ਸਕਿਆ।

26. ਮੈਂ ਬੁੱਢਾ ਹੋਣ ਲੱਗਿਆ ਸੀ, ਜੇ ਹੁਣ ਨਾ ਕਰਦਾ ਤਾਂ ਕਦ ਕਰਦਾ।

27. ਲੋਕ ਭਲਾਈ ਦੇ ਖ਼ਿਆਲ ਨਾਲ ਵਿਆਹ ਕੀਤਾ।

28. ਗੁਆਂਢੀ ਬੁਰਾ ਸਮਝਦੇ ਸਨ ਇਸ ਕਰਕੇ ਨਿਕਾਹ ਕੀਤਾ।

29. ਡਾਕਟਰਾਂ ਨੇ ਵਿਆਹ ਲਈ ਮਜਬੂਰ ਕੀਤਾ।

30. ਮੇਰੀ ਕਵਿਤਾ ਨੂੰ ਕੋਈ ਦਾਦ ਨਹੀਂ ਦਿੰਦਾ ਸੀ।

31. ਮੇਰੇ ਦੰਦ ਡਿਗਣ ਲੱਗੇ ਸਨ ਤੇ ਬਾਲ ਚਿੱਟੇ ਹੋ ਗਏ ਸਨ ਇਸ ਲਈ ਵਿਆਹ ਕਰ ਲਿਆ।

32. ਫ਼ੌਜ 'ਚ ਵਿਆਹੇ ਲੋਕਾਂ ਨੂੰ ਤਨਖ਼ਾਹ ਜ਼ਿਆਦਾ ਮਿਲਦੀ ਸੀ ਤਾਂ ਮੈਂ ਵੀ ਵਿਆਹ ਕਰ ਲਿਆ।

33. ਕੋਈ ਮੇਰਾ ਗੁੱਸਾ ਨਹੀਂ ਸਹਿੰਦਾ ਸੀ ਇਸ ਲਈ ਮੈਂ ਵਿਆਹ ਕਰ ਲਿਆ।

34. ਪਤਨੀ ਤੋਂ ਜ਼ਿਆਦਾ ਕੋਈ ਆਪਣਾ ਤਰਫ਼ਦਾਰ ਨਹੀਂ ਹੁੰਦਾ, ਇਸ ਲਈ ਮੈਂ ਵਿਆਹ ਕੀਤਾ।

35. ਮੈਂ ਆਪ ਹੈਰਾਨ ਹਾਂ ਕਿ ਵਿਆਹ ਕਿਉਂ ਕੀਤਾ।

36. ਵਿਆਹ ਕਿਸਮਤ 'ਚ ਲਿਖਿਆ ਸੀ ਇਸ ਕਰਕੇ ਕੀਤਾ।

ਇਸੇ ਤਰ੍ਹਾਂ ਜਿੰਨੇ ਮੂੰਹ ਉਤਨੀਆਂ ਗੱਲਾਂ ਸੁਣਨ 'ਚ ਆਈਆਂ। ■



ਇੱਕ ਮਜ਼ਾਕ

ਐਂਟਨ ਚੈਕੋਵ

ਸਰਦੀ ਦੀ ਚਮਕਦਾਰ ਦੁਪਹਿਰ ਸੀ... ਠੰਡ ਕਾਫ਼ੀ ਸੀ ਤੇ ਨਾਦਿਆ ਦੇ ਮੱਥੇ 'ਤੇ ਆਏ ਬਾਲਾਂ ਅਤੇ ਉੱਪਰਲੇ ਬੁੱਲ 'ਤੇ ਚਾਂਦੀ ਰੰਗੀ ਬਰਫ਼ ਜੰਮੀ ਹੋਈ ਸੀ। ਉਸਨੇ ਮੇਰੀ ਬਾਂਹ ਫੜੀ ਹੋਈ ਸੀ ਤੇ ਅਸੀਂ ਇੱਕ ਉੱਚੀ ਪਹਾੜੀ ਉੱਪਰ ਖੜ੍ਹੇ ਸਾਂ। ਸਾਡੇ ਖੜ੍ਹੇ ਹੋਣ ਵਾਲੀ ਥਾਂ ਤੋਂ ਲੈ ਕੇ ਨੀਚੇ ਦੇ ਮੈਦਾਨ ਤੱਕ ਇੱਕ ਸਾਫ਼ ਢਲਾਣ ਸੀ ਜਿਸ ਵਿੱਚ ਸੂਰਜ ਇੰਞ ਚਮਕ ਰਿਹਾ ਸੀ ਮੰਨੋ ਸ਼ੀਸ਼ੇ ਵਿੱਚ ਚਮਕਦਾ ਹੋਵੇ। ਨਾਲ ਹੀ ਇੱਕ ਸਲੇਜ ਪਈ ਸੀ ਜਿਸ ਉੱਤੇ ਚਮਕੀਲਾ ਲਾਲ ਕੱਪੜਾ ਲੱਗਿਆ ਸੀ।

"ਨਾਦਿਆ ਪੈਟ੍ਰੋਨੋਵਾ, ਚੱਲ ਥੱਲੇ ਫਿਸਲਦੇ ਹਾਂ!" ਮੈਂ ਉਸਨੂੰ ਆਖਿਆ, "ਬੱਸ ਇੱਕ ਵਾਰ! ਭਰੋਸਾ ਰੱਖ, ਆਪਾਂ ਸਲਾਮਤ ਰਹਾਂਗੇ ਤੇ ਸਾਨੂੰ ਕੋਈ ਸੱਟ-ਸੁੱਟ ਨਹੀਂ ਲੱਗੇਗੀ।"

ਪਰ ਨਾਦਿਆ ਡਰੀ ਹੋਈ ਸੀ। ਉਸਦੇ ਨਿੱਕੇ ਜਿਹੇ ਬੂਟਾਂ ਤੋਂ ਲੈ ਕੇ ਨੀਚੇ ਤੱਕ ਬਰਫ਼ੀਲੀ ਪਹਾੜੀ ਦੀ ਢਲਾਣ ਉਸਨੂੰ ਇੱਕ ਡਰਾਉਣੀ, ਅੰਤਹੀਣ ਖਾਈ ਵਾਂਗ ਜਾਪਦੀ ਸੀ। ਉਸਦੀ ਹਿੰਮਤ ਜਵਾਬ ਦੇ ਗਈ, ਅਤੇ ਜਦੋਂ ਮੈਂ ਉਸਨੂੰ ਸਲੇਜ 'ਤੇ ਬੈਠਣ ਲਈ ਕਿਹਾ, ਤਾਂ ਹੇਠਾਂ ਵੇਖਦੇ ਹੀ ਉਸਦੇ ਸਾਹ ਸੁੱਕ ਗਏ। ਪਰ ਤਦ ਕੀ ਹੋਏਗਾ ਜੇ ਉਸਨੂੰ ਖਾਈ ਵਿੱਚ ਜਾਣਾ ਪਵੇ! ਉਹ ਤਾਂ ਮਰ ਹੀ ਜਾਏਗੀ, ਦਿਮਾਗ ਘੁੰਮ ਜਾਏਗਾ ਉਸਦਾ।

"ਲੈ ਦੱਸ ਭਲਾ!" ਮੈਂ ਕਿਹਾ, "ਡਰਨਾ ਥੋੜ੍ਹਾ ਹੀ ਚਾਹੀਦਾ। ਤੈਨੂੰ ਪਤਾ ਇਹ ਤਾਂ ਹਿੰਮਤ ਹਾਰਨਾ ਹੈ, ਕਾਇਰ ਹੋਣਾ ਹੈ।"

ਨਾਦਿਆ ਅਖ਼ੀਰ ਮੰਨ ਗਈ, ਉਸਦੇ ਚਿਹਰੇ ਉੱਤੇ ਮੈਂ ਵੇਖਿਆ ਕਿ ਉਹ ਮੰਨ ਗਈ ਸੀ, ਮੌਤ ਤੋਂ ਡਰਦੇ ਹੋਏ। ਮੈਂ ਉਸ ਕੰਬਦੀ ਹੋਈ ਨੂੰ ਸਲੇਜ ਵਿੱਚ ਬਿਠਾਇਆ, ਆਪਣੀ ਬਾਂਹ ਉਸ ਦੁਆਲੇ ਲਪੇਟੀ, ਉਸ ਨਾਲ ਆਪਣੇ ਆਪ ਨੂੰ ਤਿੱਖੀ ਢਲਾਣ ਦੇ ਹਵਾਲੇ ਕਰ ਦਿੱਤਾ।

ਸਲੇਜ ਗੋਲੀ ਦੀ ਤਰ੍ਹਾਂ ਉੱਡਣ ਲੱਗੀ। ਹਵਾ ਥਪੇੜੇ ਬਣ ਕੇ ਸਾਡੇ ਚੇਹਰਿਆਂ ਉੱਤੇ ਵੱਜਦੀ, ਚਿੰਗਾੜਦੀ, ਕੰਨ ਵਿੱਚ ਸੀਟੀ ਮਾਰਦੀ, ਸਾਨੂੰ ਚੀਰਣ ਲੱਗਦੀ, ਗੁੱਸੇ ਵਿੱਚ ਸਾਨੂੰ ਵੱਢਦੀ, ਮੋਢਿਆਂ 'ਤੋਂ ਸਾਡਾ ਸਿਰ ਉਖਾੜਨ ਦੀ ਕੋਸ਼ਿਸ਼ ਕਰਦੀ। ਤੇਜ਼ ਹਵਾ ਕਰਕੇ ਸਾਡੇ ਕੋਲ ਸਾਹ ਲੈਣ ਦੀ ਤਾਕਤ ਵੀ ਨਹੀਂ ਸੀ ਰਹੀ। ਇੰਞ ਲੱਗਦਾ, ਮੰਨੋ ਖੁੱਦ ਸ਼ੈਤਾਨ ਨੇ ਸਾਨੂੰ ਆਪਣਿਆਂ ਪੰਜਿਆਂ ਵਿੱਚ ਜਕੜ ਕੇ ਰੱਖਿਆ ਹੋਵੇ ਤੇ ਚਿੰਗਾੜਦਾ ਹੋਇਆ ਸਾਨੂੰ ਨਰਕ ਵਿੱਚ ਘੜੀਸ ਰਿਹਾ ਹੋਏ। ਆਲੇ ਦੁਆਲੇ ਦੀ ਚੀਜ਼ਾਂ ਇੱਕ ਤੇਜ਼ ਨੱਠਦੀ ਹੋਈ ਇੱਕ ਲਕੀਰ ਵਿੱਚ ਪਿਘਲ ਗਈਆਂ...ਜਾਪਿਆ ਇੱਕ ਪਲ ਹੋਰ ਤੇ ਬਸ ਅਸੀਂ ਮਰ ਹੀ ਜਾਣਾ।

"ਤੈਨੂੰ ਪਿਆਰ ਕਰਦਾਂ, ਨਾਦਿਆ!" ਮੈਂ ਹੌਲੀ ਜਿਹੀ ਆਵਾਜ਼ ਵਿੱਚ ਕਿਹਾ। ਸਲੇਜ ਦੀ ਰਫ਼ਤਾਰ ਹੋਰ ਅਤੇ ਹੋਰ ਹੌਲੀ ਹੁੰਦੀ ਗਈ। ਤੂਫਾਨ ਦੀ ਦਹਾੜ ਹੁਣ ਅਸਹਿਨ ਨਾ ਰਹੀ, ਸਾਹ ਲੈਣਾ ਸੁਖਾਲਾ ਹੋ ਗਿਆ, ਤੇ ਆਖ਼ਿਰਕਾਰ ਅਸੀਂ ਹੇਠਾਂ ਪਹੁੰਚ ਗਏ। ਨਾਦਿਆ ਅਧਮਰੀ ਹੋ ਗਈ। ਉਹ ਪੀਲੀ ਪੈ ਗਈ ਤੇ ਉਸਦੇ ਸਾਹ ਵੀ ਔਖੇ ਚੱਲਦੇ ਪਏ ਸਨ... ਮੈਂ ਉੱਠਣ ਵਿੱਚ ਉਸਦੀ ਮੱਦਦ ਕੀਤੀ।

"ਦੁਬਾਰਾ ਇਸ ਵਾਸਤੇ ਮੈਨੂੰ ਇਸ ਦੁਨੀਆ ਦੀ ਕੋਈ ਵੀ ਚੀਜ਼ ਨਹੀਂ ਮਨਾ ਸਕਦੀ", ਉਸਨੇ ਖੌਫ਼ ਭਰੀ ਅੱਖਾਂ ਨਾਲ ਮੇਰੇ ਵੱਲ ਵੇਖਦੇ ਹੋਏ ਕਿਹਾ। "ਕੋਈ ਵੀ ਚੀਜ਼ ਨਹੀਂ! ਮੈਂ ਤਾਂ ਮਰ ਹੀ ਗਈ ਸੀ!"

ਕੁੱਝ ਦੇਰ ਬਾਅਦ ਉਸਨੇ ਆਪਣਾ ਆਪ ਸੰਭਾਲਿਆ ਤੇ ਹੈਰਾਨ ਹੁੰਦਿਆਂ ਕਿ ਕਿਤੇ ਮੈਂ ਉਹ ਚਾਰ ਸ਼ਬਦ ਸੱਚ ਮੁੱਚ ਕਹੇ ਸਨ ਜਾਂ ਹਵਾ ਦੀ ਦਹਾੜ ਕਰਕੇ ਇਹ ਉਸਦਾ ਵਹਿਮ ਸੀ, ਮੇਰੇ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਿਆ। ਮੈਂ ਆਪਣੇ ਦਸਤਾਨੇ ਨੂੰ ਧਿਆਨ ਨਾਲ ਵੇਖਦਾ ਉਸ ਸਾਹਮਣੇ ਖੜ੍ਹਾ ਰਿਹਾ।

ਉਸਨੇ ਮੇਰੀ ਬਾਂਹ ਫੜੀ ਅਤੇ ਬਰਫੀਲੀ ਪਹਾੜੀ ਕੋਲ ਤੁਰਦਿਆਂ ਅਸੀਂ ਕਾਫੀ ਸਮਾਂ ਬਿਤਾਇਆ। ਸਾਫ਼ ਤੌਰ 'ਤੇ ਇਹ ਪਹੇਲੀ ਉਸਨੂੰ ਚੈਨ ਨਹੀਂ ਆਉਣ ਦੇ ਰਹੀ ਸੀ...ਕੀ ਉਹ ਸ਼ਬਦ ਕਹੇ ਗਏ ਸਨ ਜਾਂ ਨਹੀਂ?...ਹਾਂ ਜਾਂ ਨਾ? ਹਾਂ ਜਾਂ ਨਾ? ਇਹ ਸਵਾਲ ਇੱਜਤ ਦਾ ਸੀ, ਜ਼ਿੰਦਗੀ ਦਾ ਸੀ - ਇੱਕ ਬਹੁਤ ਜ਼ਰੂਰੀ ਸਵਾਲ, ਦੁਨਿਆ ਦਾ ਸਭ ਤੋਂ ਜ਼ਰੂਰੀ ਸਵਾਲ। ਬੇਸਬਰੀ ਅਤੇ ਉਦਾਸੀ ਨਾਲ ਭਰੀ ਨਾਦਿਆ ਮੇਰੇ ਵੱਲ ਉਦਾਸ, ਬੇਸਬਰ ਨਿਗਾਹਾਂ ਨਾਲ ਵੇਖਦੀ ਰਹੀ, ਇੱਧਰ ਉੱਧਰ ਦੇ ਜਵਾਬ ਦਿੰਦੀ ਰਹੀ, ਇਹ ਇੰਤਜ਼ਾਰ ਕਰਦੀ ਰਹੀ ਕਿ ਮੈਂ ਕਿਤੇ ਕੁੱਝ ਕਹਿਣਾ ਤਾਂ ਨਹੀਂ। ਹਾਏ, ਉਸ ਪਿਆਰੇ ਜਿਹੇ ਚਿਹਰੇ 'ਤੇ ਉਹ ਭਾਵਨਾਵਾਂ। ਮੈਂ ਉਸਨੂੰ ਖੁਦ ਨਾਲ ਜੂਝਦੇ ਹੋਏ ਵੇਖਿਆ, ਉਹ ਕੁੱਝ ਕਹਿਣਾ ਚਾਹੁੰਦੀ ਸੀ, ਕੁੱਝ ਪੁੱਛਣਾ ਚਾਹੁੰਦੀ ਸੀ, ਪਰ ਉਸਨੂੰ ਸ਼ਬਦ ਨਹੀਂ ਸਨ ਮਿਲ ਰਹੇ; ਉਸਨੂੰ ਅਜੀਬ ਜਿਹਾ ਡਰ ਮਹਿਸੂਸ ਹੋਇਆ ਅਤੇ ਆਪਣੀ ਖੁਸ਼ੀ ਤੋਂ ਪਰੇਸ਼ਾਨ ਜਿਹੀ ਹੋ ਗਈ...

"ਅੱਛਾ ਗੱਲ ਸੁਣ" ਉਸਨੇ ਬਿਨ੍ਹਾਂ ਮੇਰੇ ਵੱਲ ਵੇਖੇ ਕਿਹਾ।
"ਕੀ?" ਮੈਂ ਪੁੱਛਿਆ।
"ਚੱਲ ਅਸੀਂ...ਫਿਰ ਤੋਂ ਨੀਚੇ ਰਿੜ੍ਹੀਏ।"

ਅਸੀਂ ਬਰਫ਼ੀਲੀ ਪਹਾੜੀ ਉੱਤੇ ਮੁਸ਼ਕਿਲ ਨਾਲ ਚੜ੍ਹੇ। ਕੰਬਦੀ ਹੋਈ ਨਾਦਿਆ ਨੂੰ ਮੈਂ ਸਲੇਜ ਵਿੱਚ ਬਿਠਾਇਆ; ਫਿਰ ਤੋਂ ਉਸ ਡਰਾਉਣੀ ਖਾਈ ਵਿੱਚ ਅਸੀਂ ਫਿਸਲਣਾ ਸ਼ੁਰੂ ਕੀਤਾ, ਫਿਰ ਤੋਂ ਹਨੇਰੀ ਗਰਜੀ, ਤੇ ਫਿਰ ਤੋਂ ਜਦੋਂ ਸਾਡੀ ਉਡਾਣ ਦੌਰਾਨ ਗਤੀ ਤੇ ਰੌਲਾ ਸਬ ਤੋਂ ਜ਼ਿਆਦਾ ਸੀ, ਮੈਂ ਧੀਮੀ ਆਵਾਜ਼ ਵਿੱਚ ਕਿਹਾ, “ਤੈਨੂੰ ਪਿਆਰ ਕਰਦਾਂ, ਨਾਦਿਆ!"

ਜਦੋਂ ਸਲੇਜ ਰੁਕੀ, ਨਾਦਿਆ ਨੇ ਪਹਾੜ ਉੱਤੇ ਨਜ਼ਰ ਮਾਰੀ, ਜਿੱਥੋਂ ਅਸੀਂ ਦੋਵੇਂ ਫਿਸਲਦੇ ਆਏ ਸਾਂ, ਫਿਰ ਮੇਰੇ ਵੱਲ ਵੇਖਿਆ, ਮੇਰੀ ਬੇਪਰਵਾਹ ਆਵਾਜ਼ ਨੂੰ ਸੁਣਿਆ, ਉਸਦਾ ਛੋਟਾ ਜਿਹਾ ਸ਼ਰੀਰ ਹੈਰਾਨੀ ਦੇ ਹਾਵ-ਭਾਵ ਵਿਖਾ ਰਿਹਾ ਸੀ, ਅਤੇ ਉਸਦੇ ਚਹਿਰੇ 'ਤੇ ਲਿਖਿਆ ਸੀ: "ਇਸ ਸਭ ਦਾ ਕੀ ਮਤਲਬ ਹੈ? ਉਹ ਸ਼ਬਦ ਕਿਸਨੇ ਕਹੇ? ਕੀ ਇਸਨੇ ਕਹੇ ਜਾਂ ਮੇਰਾ ਖ਼ਿਆਲ ਹੀ ਸੀ?"

ਇਸ ਸਬ ਨੇ ਉਸਨੂੰ ਦੁਚਿੱਤੀ ਵਿੱਚ ਪਾ ਦਿੱਤਾ। ਵਿਚਾਰੀ ਕੁੜੀ ਨੇ ਮੇਰੀ ਗੱਲਾਂ ਦਾ ਜਵਾਬ ਦੇਣਾ ਬੰਦ ਕਰ ਦਿੱਤਾ, ਮੱਥੇ ਤਿਊੜੀ ਪਾ ਲਈ ਅਤੇ ਰੋਣਹਾਕੀ ਹੋ ਗਈ।



"ਘਰੇ ਚੱਲੀਏ?" ਮੈਂ ਪੁੱਛਿਆ।
"ਵੈਸੇ ਮੈਂ...ਮੈਨੂੰ ਫਿਸਲਨਾ ਵਧੀਆ ਲੱਗਾ" ਉਸਨੇ ਮੈਨੂੰ ਸ਼ਰਮਾਉਂਦੇ ਹੋਏ ਆਖਿਆ, "ਇੱਕ ਵਾਰੀ ਹੋਰ ਕਰੀਏ?"

ਅਸੀ ਤੀਸਰੀ ਵਾਰੀ ਹੇਠਾਂ ਗਏ ਤਾਂ ਉਸਦੀ ਨਜ਼ਰ ਮੇਰੇ ਬੁੱਲ੍ਹਾਂ ਉੱਪਰ ਸੀ। ਪਰ ਮੈਂ ਰੁਮਾਲ ਬੁੱਲ੍ਹਾਂ 'ਤੇ ਰੱਖਿਆ, ਖਾਂਸੀ ਕੀਤੀ ਅਤੇ ਜਦ ਅਸੀਂ ਪਹਾੜੀ ਦੇ ਅੱਧ 'ਚ ਪਹੁੰਚੇ, ਮੈਂ ਕਹਿਣ ਵਿੱਚ ਸਫ਼ਲ ਰਿਹਾ, "ਤੈਨੂੰ ਪਿਆਰ ਕਰਦਾਂ, ਨਾਦਿਆ!"

ਇਹ ਭੇਦ ਫਿਰ ਇੱਕ ਭੇਦ ਹੀ ਰਹਿ ਗਿਆ! ਨਾਦਿਆ ਚੁੱਪ ਕੁੱਝ ਸੋਚ ਰਹੀ ਸੀ...ਮੈਂ ਉਸਨੂੰ ਘਰ ਛੱਡਣ ਗਿਆ, ਉਸਨੇ ਹੌਲੀ ਤੁਰਨਾ ਸ਼ੁਰੂ ਕੀਤਾ, ਆਪਣੀ ਗਤੀ ਘਟਾ ਲਈ ਅਤੇ ਇੰਤਜ਼ਾਰ ਕਰਦੀ ਰਹੀ ਕਿ ਮੈਂ ਉਹ ਸ਼ਬਦ ਉਸਨੂੰ ਕਹਿ ਦਵਾਂ, ਤੇ ਮੈਂ ਵੇਖਿਆ ਉਸਦੀ ਆਤਮਾ ਕਿਵੇਂ ਤੜਫ਼ ਰਹੀ ਸੀ, ਕਿਵੇਂ ਉਹ ਆਪਣੇ ਆਪ ਨੂੰ ਇਹ ਕਹਿਣ ਤੋਂ ਰੋਕ ਰਹੀ ਸੀ: "ਅਜਿਹਾ ਹੋ ਹੀ ਨਹੀਂ ਸਕਦਾ ਕਿ ਹਵਾ ਨੇ ਉਹ ਸਬ ਕਿਹਾ ਹੋਵੇ। ਅਤੇ ਮੈਂ ਇਹ ਚਾਹੁੰਦੀ ਵੀ ਨਹੀਂ ਕਿ ਹਵਾ ਨੇ ਉਹ ਸਬ ਕਿਹਾ ਹੋਵੇ!"

ਅਗਲੇ ਦਿਨ ਮੈਨੂੰ ਉਸਦਾ ਛੋਟਾ ਜਿਹਾ ਸੰਦੇਸ਼ ਮਿਲਿਆ: "ਜੇਕਰ ਅੱਜ ਪਹਾੜੀ ਉੱਤੇ ਜਾਣਾ ਹੈ ਤਾਂ ਮੇਰੇ ਘਰੇ ਵੀ ਆ ਜਾਣਾ - ਨ." ਅਤੇ ਉਸ ਦਿਨ ਤੋਂ ਬਾਅਦ ਮੈਂ ਹਰ ਰੋਜ਼ ਨਾਦਿਆ ਨਾਲ ਸਲੇਜ 'ਤੇ ਫਿਸਲਨਾ ਸ਼ੁਰੂ ਕਰ ਦਿੱਤਾ, ਅਤੇ ਹਰ ਵਾਰ ਮੈਂ ਹੌਲੀ ਜਿਹੀ ਆਵਾਜ਼ ਵਿੱਚ ਓਹੀ ਸ਼ਬਦ ਕਹਿੰਦਾ, "ਤੈਨੂੰ ਪਿਆਰ ਕਰਦਾਂ, ਨਾਦਿਆ!"

ਜਲਦੀ ਹੀ ਨਾਦਿਆ ਨੂੰ ਇਹਨਾਂ ਸ਼ਬਦਾਂ ਦੀ ਸ਼ਰਾਬ ਜਾਂ ਮੌਰਫੀਨ ਵਾਂਗ ਆਦਤ ਲੱਗ ਗਈ, ਉਹ ਇਸ ਬਿਨ੍ਹਾਂ ਨਹੀਂ ਸੀ ਰਹਿ ਸਕਦੀ।



ਇਹ ਸੱਚ ਹੈ ਕਿ ਪਹਾੜੀ ਤੋਂ ਹੇਠਾਂ ਆਉਣਾ ਅਜੇ ਵੀ ਉਸਨੂੰ ਡਰਾਉਂਦਾ ਸੀ, ਪਰ ਡਰ ਅਤੇ ਖ਼ਤਰੇ ਨੇ ਪਿਆਰ ਦੇ ਸ਼ਬਦਾਂ ਨੂੰ ਅਜੀਬ ਜਿਹੀ ਖਿੱਚ ਦੇ ਦਿੱਤੀ — ਸ਼ਬਦ ਜੋ ਅਜੇ ਵੀ ਪਹਿਲਾਂ ਵਾਂਗ ਇੱਕ ਭੇਦ ਸਨ ਤੇ ਰੂਹ ਨੂੰ ਤੰਗ ਕਰਦੇ। ਸ਼ੱਕ ਦੇ ਘੇਰੇ ਵਿੱਚ ਓਹੀ ਦੋ ਸਨ: ਹਵਾ ਤੇ ਮੈਂ...ਦੋਹਾਂ ਵਿੱਚੋਂ ਕੌਣ ਉਸਨੂੰ ਪਿਆਰ ਕਰਦਾ ਹੈ ਉਸਨੂੰ ਨਹੀਂ ਸੀ ਪਤਾ, ਪਰ ਸ਼ਾਇਦ ਹੁਣ ਉਸਨੂੰ ਪਰਵਾਹ ਨਹੀਂ ਸੀ; ਕੋਈ ਕਿਹੜੇ ਪਿਆਲੇ ਵਿੱਚ ਪੀਂਦਾ ਹੈ ਇਸਦਾ ਫ਼ਰਕ ਨਹੀਂ ਪੈਂਦਾ ਜੇਕਰ ਜਾਮ ਵਿੱਚ ਨਸ਼ਾ ਹੋਵੇ।

ਫ਼ਿਰ ਅਜਿਹਾ ਹੋਇਆ ਕਿ ਇੱਕ ਦੁਪਹਿਰ ਮੈਂ ਇਕੱਲਾ ਹੀ ਉਸ ਮੈਦਾਨ ਵਿੱਚ ਪਹੁੰਚ ਗਿਆ; ਭੀੜ ਵਿੱਚੋਂ ਮੈਂ ਵੇਖਿਆ ਕਿ ਨਾਦਿਆ ਪਹਾੜੀ ਉੱਤੇ ਜਾ ਕੇ ਮੈਨੂੰ ਲੱਭ ਰਹੀ ਸੀ...ਫਿਰ ਉਸਨੇ ਡਰਦਿਆਂ ਕਦਮ ਪੁੱਟੇ... ਉਹ ਇਕੱਲੀ ਜਾਣ ਤੋਂ ਡਰ ਰਹੀ ਸੀ ।

ਹਾਏ! ਕਿੰਨੀ ਡਰੀ ਹੋਈ! ਬਰਫ਼ ਵਾਂਗ ਚਿੱਟੀ ਹੋ ਗਈ, ਕੰਬ ਰਹੀ ਸੀ, ਉਹ ਗਈ ਜਿਵੇਂ ਫਾਂਸੀ ਦੇ ਤਖ਼ਤੇ ਉੱਤੇ ਤੁਰਦੀ ਹੋਵੇ, ਪਰ ਓਹ ਗਈ, ਬਿਨ੍ਹਾਂ ਪਿੱਛੇ ਮੁੜੇ ਉਹ ਪੂਰੇ ਇਰਾਦੇ ਨਾਲ ਗਈ। ਸ਼ਾਇਦ ਉਸਨੇ ਇਸ ਸਭ ਨੂੰ ਪਰਖਣ ਦਾ ਫੈਸਲਾ ਲੈ ਲਿਆ ਸੀ: ਜਦ ਮੈਂ ਉੱਥੇ ਉਸ ਨਾਲ ਨਹੀਂ ਹੋਵਾਂਗਾ ਤਾਂ ਕੀ ਤਦ ਵੀ ਉਹ ਮਿੱਠੇ ਸ਼ਬਦ ਸੁਣਨ ਨੂੰ ਮਿਲਣਗੇ?

ਮੈਂ ਉਸਨੂੰ ਵੇਖਿਆ, ਡਰੀ ਹੋਈ ਨੂੰ, ਸਲੇਜ ਵਿੱਚ ਬੈਠਦਿਆਂ, ਅੱਖਾਂ ਬੰਦ ਕਰਦਿਆਂ, ਦੁਨਿਆ ਨੂੰ ਸਦਾ ਲਈ ਅਲਵਿਦਾ ਕਹਿੰਦਿਆਂ, ਸਫ਼ਰ ਸ਼ੁਰੂ ਕਰਦੇ ਹੋਏ... "ਵਰਰਰਰ!" ਸਲੇਜ ਵਿੱਚੋਂ ਆਵਾਜ਼ ਆਈ। ਕੀ ਨਾਦਿਆ ਨੇ ਉਹ ਸ਼ਬਦ ਸੁਣੇ ਇਹ ਤਾਂ ਮੈਂ ਨਹੀਂ ਜਾਣਦਾ। ਮੈਂ ਬਸ ਉਸਨੂੰ ਥੱਕੀ ਤੇ ਬੇਹੋਸ਼ੀ ਜਿਹੀ ਦੀ ਹਾਲਤ ਵਿੱਚ ਸਲੇਜ 'ਤੋਂ ਉਤਰਦੇ ਵੇਖਿਆ। ਅਤੇ ਕੋਈ ਵੀ ਉਸਦਾ ਚਹਿਰਾ ਵੇਖ ਕੇ ਦੱਸ ਸਕਦਾ ਸੀ ਕਿ



ਉਸਨੂੰ ਆਪ ਵੀ ਨਹੀਂ ਪਤਾ ਸੀ ਕਿ ਉਸਨੇ ਕੁੱਝ ਸੁਣਿਆ ਜਾਂ ਨਹੀਂ। ਹੇਠਾਂ ਆਉਂਦੇ ਹੋਏ ਡਰ ਨੇ ਉਸ ਤੋਂ ਸੁਣਨ ਦੀ, ਅਵਾਜ਼ਾਂ ਵਿੱਚ ਫ਼ਰਕ ਕਰਨ ਦੀ ਤੇ ਸਮਝਣ ਦੀ ਸਮਰੱਥਾ ਖੋਹ ਲਈ।

ਪਰ ਫ਼ਿਰ ਮਾਰਚ ਦਾ ਮਹੀਨਾ ਆਇਆ...ਬਸੰਤ ਦੀ ਧੁੱਪ ਜ਼ਿਆਦਾ ਹੀ ਮਿਹਰਬਾਨ ਸੀ...ਸਾਡੀ ਬਰਫ਼ੀਲੀ ਪਹਾੜੀ ਕਾਲੀ ਪੈ ਗਈ, ਇਸਦੀ ਚਮਕ ਖ਼ਤਮ ਹੋਈ ਤੇ ਅਖ਼ੀਰ ਇਹ ਪਿਘਲ ਗਈ। ਅਸੀਂ ਪਹਾੜੀ 'ਤੇ ਜਾਣਾ ਬੰਦ ਕਰ ਦਿੱਤਾ। ਐਸੀ ਕੋਈ ਥਾਂ ਨਹੀਂ ਰਹੀ ਜਿੱਥੇ ਵਿਚਾਰੀ ਨਾਦਿਆ ਉਹਨਾਂ ਸ਼ਬਦਾਂ ਨੂੰ ਸੁਣ ਸਕੇ, ਅਤੇ ਨਾ ਹੀ ਕੋਈ ਉਹਨਾਂ ਨੂੰ ਕਹਿਣ ਵਾਲਾ ਰਿਹਾ, ਕਿਉਂਕੀ ਹਵਾ ਵੀ ਨਹੀਂ ਸੀ ਅਤੇ ਮੈਂ ਪਿਤਰਬਰਗ ਜਾਣ ਵਾਲਾ ਸੀ — ਲੰਬੇ ਸਮੇਂ ਲਈ, ਸ਼ਾਇਦ ਹਮੇਸ਼ਾ ਲਈ। ਮੇਰੇ ਜਾਣ ਤੋਂ ਦੋ ਦਿਨ ਪਹਿਲਾਂ ਦੀ ਗੱਲ ਹੈ। ਸ਼ਾਮ ਵੇਲੇ ਮੈਂ ਛੋਟੇ ਜਿਹੇ ਬਾਗ਼ ਵਿੱਚ ਬੈਠਾ ਸੀ ਜਿਸਨੂੰ ਨਾਦਿਆ ਦੇ ਵਿਹੜੇ ਤੋਂ ਇੱਕ ਕਿੱਲਾਂ ਵਾਲੀ ਉੱਚੀ ਵਾੜ ਵੱਖ ਕਰਦੀ ਸੀ...ਅਜੇ ਵੀ ਕਾਫ਼ੀ ਠੰਡ ਸੀ, ਢੇਰ ਕੋਲ ਅਜੇ ਵੀ ਬਰਫ਼ ਜੰਮੀ ਪਈ ਸੀ, ਰੁੱਖ ਮਰੇ ਹੋਏ ਜਾਪਦੇ ਪਰ ਬਸੰਤ ਦੀ ਮਹਿਕ ਵੀ ਆ ਗਈ ਸੀ ਅਤੇ ਰਾਤ ਦੇ ਆਰਾਮ ਦੀ ਤਿਆਰੀ ਕਰਦੇ ਹੋਏ ਕਾਂ ਉੱਚੀ-ਉੱਚੀ ਬੋਲ ਰਹੇ ਸਨ। ਮੈਂ ਵਾੜ ਦੇ ਕੋਲ ਗਿਆ ਤੇ ਇੱਕ ਤਰੇੜ ਵਿੱਚ ਨਾਦਿਆ ਨੂੰ ਝਾਕਦਿਆਂ ਲੰਮੇ ਸਮੇ ਤੱਕ ਉੱਥੇ ਖੜ੍ਹਾ ਰਿਹਾ।

ਮੈਂ ਨਾਦਿਆ ਨੂੰ ਬਰਾਮਦੇ ਵਿੱਚ ਆ ਕੇ ਅਸਮਾਨ ਨੂੰ ਅਫ਼ਸੋਸੀ ਨਾਲ ਨਿਹਾਰਦੇ ਹੋਏ ਵੇਖਿਆ... ਬਸੰਤ ਦੀ ਹਵਾ ਉਸ ਦੇ ਉਦਾਸ ਚਹਿਰੇ ਨੂੰ ਸਹਿਲਾ ਰਹੀ ਸੀ...ਇਹ ਉਸਨੂੰ ਬਰਫ਼ੀਲੀ ਪਹਾੜੀ ਦੀ ਉਸ ਹਵਾ ਦੀ ਯਾਦ ਦਿਲਾ ਰਹੀ ਸੀ ਜੋ ਓਹੀ ਚਾਰ ਸ਼ਬਦ ਸੁਣਦੇ ਹੋਏ ਮਹਿਸੂਸ ਕੀਤੀ ਸੀ, ਤੇ ਉਸਦਾ ਚਹਿਰਾ ਬਹੁਤ, ਬਹੁਤ ਉਦਾਸ ਹੋ ਗਿਆ, ਇੱਕ ਹੰਝੂ ਉਸਦੀ ਗੱਲ 'ਤੇ ਆਇਆ, ਅਤੇ ਵਿਚਾਰੀ ਨੇ ਦੋਵੇਂ ਬਾਹਾਂ ਖੋਲ ਲਈਆਂ ਜਿਵੇਂ ਹਵਾ ਤੋਂ ਇੱਕ ਵਾਰੀ ਮੁੜ ਓਹੀ ਸ਼ਬਦ ਮੰਗ ਰਹੀ ਹੋਵੇ। ਹਵਾ ਦਾ ਇੰਤਜ਼ਾਰ ਕਰਦਿਆਂ ਮੈਂ ਹਲਕੀ ਜਿਹੀ ਆਵਾਜ਼ ਵਿੱਚ ਕਿਹਾ, "ਤੈਨੂੰ ਪਿਆਰ ਕਰਦਾਂ, ਨਾਦਿਆ!"

ਹਾਏ ਰੱਬਾ! ਉਹ ਬਦਲਾਵ ਜੋ ਨਾਦਿਆ ਵਿੱਚ ਆਇਆ! ਉਹ ਚਿੱਲਾਈ, ਚਹਿਰਾ ਮੁਸਕਾਨ ਨਾਲ ਭਰ ਗਿਆ, ਕਿੰਨੀ ਖੁਸ਼ ਤੇ ਪਿਆਰੀ ਲੱਗਦੀ ਸੀ। ਹਵਾ ਨੂੰ ਮਿਲਣ ਲਈ ਉਸਨੇ ਬਾਹਾਂ ਖੋਲ੍ਹ ਲਈਆਂ।

ਅਤੇ ਮੈਂ ਆਪਣਾ ਸਮਾਨ ਬੰਨ੍ਹਣ ਚਲਾ ਗਿਆ।
ਇਹ ਬਹੁਤ ਅਰਸੇ ਪਹਿਲਾਂ ਹੋਇਆ। ਹੁਣ ਤਾਂ ਨਾਦਿਆ ਦਾ ਵਿਆਹ ਹੋ ਗਿਆ ਹੈ; ਉਸਨੇ ਇੱਕ ਅਫਸਰ ਨਾਲ — ਆਪਣੀ ਪਸੰਦ ਨਾਲ ਜਾਂ ਨਹੀਂ, ਇਸਦਾ ਫ਼ਰਕ ਨਹੀਂ ਪੈਂਦਾ — ਵਿਆਹ ਕੀਤਾ ਹੈ ਤੇ ਓਹਦੇ ਤਿੰਨ ਬੱਚੇ ਹਨ। ਸਾਡਾ ਇਕੱਠਿਆਂ ਫਿਸਲਣ ਜਾਣਾ ਤੇ ਹਵਾ ਦਾ ਉਸ ਕੋਲ ਇਹ ਸ਼ਬਦ ਲੈ ਕੇ ਆਉਣਾ, ਇਹ ਭੁਲਾਇਆ ਨਹੀਂ ਗਿਆ; ਇਹ ਉਸਦੀ ਜ਼ਿੰਦਗੀ ਦੀ ਸਬ ਤੋਂ ਖੁਸ਼ੀ ਭਰੀ, ਛੂ ਲੈਣ ਵਾਲੀ ਤੇ ਪਿਆਰੀ ਯਾਦ ਹੈ...
ਪਰ ਹੁਣ ਜਦ ਕਿ ਮੈਂ ਵੱਡਾ ਹੋ ਗਿਆ ਹਾਂ, ਮੈਂ ਸਮਝ ਨਹੀਂ ਪਾ ਰਿਹਾਂ ਕਿ ਮੈਂ ਉਹ ਸ਼ਬਦ ਕਿਉਂ ਕਹੇ ਸਨ, ਇਸ ਮਜ਼ਾਕ ਪਿੱਛੇ ਮੇਰਾ ਮਕਸਦ ਕੀ ਸੀ... ■

ਏਮੀ

ਚੰਡੀਗੜ੍ਹ ਦੇ ਏਮੀ ਸਿੰਘ ਨੂੰ ਸਿਰਫ਼ ਇੱਕ ਕਵੀ ਕਹਿਣਾ ਉਹਨਾਂ ਦੇ ਅਨੇਕਾਂ ਕਿਰਦਾਰਾਂ ਨੂੰ ਨਜ਼ਰਅੰਦਾਜ਼ ਕਰਨਾ ਹੈ। ਇਸ ਸ਼ਹਿਰ ਦੇ ਮੈਦਾਨਾਂ 'ਚ ਕਵਿਤਾ ਦੇ ਬੂਟੇ ਲਾਉਣ 'ਤੋਂ ਇਲਾਵਾ ਉਹ ਆਪਣੀ ਇਨਸਾਨੀਅਤ ਤੇ ਵੱਖਰੀ ਸੋਚ ਲਈ ਜਾਣੇ ਜਾਂਦੇ ਹਨ। ਜਿੰਨ੍ਹੇ ਦੁੱਖ ਦੇਖੇ, ਉਸ ਤੋਂ ਕਿਤੇ ਜ਼ਿਆਦਾ ਖੁਸ਼ੀਆਂ ਏਮੀ ਨੇ ਆਪਣੇ ਚੁਫ਼ੇਰੇ ਫੈਲਾਈਆਂ।





ਗੇੜੀ ਰੂਟ ਤੋਂ ਆਜ਼ਾਦੀ ਰੂਟ ↗

ਚੰਡੀਗੜ੍ਹ ਦੇ "ਗੇੜੀ ਰੂਟ" 'ਤੇ ਔਰਤਾਂ ਨੂੰ ਤੰਗ ਕਰਨ ਦੀ ਘਟਨਾਵਾਂ ਵਧੀਆਂ ਤੇ ਖ਼ੌਫ਼ ਦਾ ਮਾਹੌਲ ਬਣਨ ਲੱਗਾ। ਜਵਾਬ 'ਚ ਏਮੀ ਨੇ ਸਾਥੀਆਂ ਨਾਲ ਬੇਖ਼ੌਫ਼ ਆਜ਼ਾਦੀ ਮਾਰਚ ਕੱਢਿਆ ਜਿਸ 'ਚ ਦੇਰ ਰਾਤ ਸੈਂਕੜੇ ਔਰਤਾਂ ਸੜਕਾਂ 'ਤੇ ਆਈਆਂ ਤੇ ਗੇੜੀ ਰੂਟ ਦਾ ਨਾਂ 'ਆਜ਼ਾਦੀ ਰੂਟ' ਰੱਖਿਆ ਗਿਆ।

ਦੋਸਤ ਦੇ ਕੈਂਸਰ ਦਾ ਇਲਾਜ

ਆਪਣੇ ਦੋਸਤ ਅਨਮ ਨਰੂਲਾ ਦੇ ਕੈਂਸਰ ਦੇ ਇਲਾਜ ਲਈ ਧਨਰਾਸ਼ੀ ਜੁਟਾਉਣ ਲਈ ਕਵਿਤਾ ਲਿੱਖ ਕੇ ਵੇਚਣੀ ਸ਼ੁਰੂ ਕੀਤੀਆਂ। ਉਹਨਾਂ ਦੇ ਜਜ਼ਬੇ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਨੇ ਆਰਥਿਕ ਮੱਦਦ ਕੀਤੀ ਤੇ ਇਲਾਜ ਸਫਲ ਹੋਇਆ।

ਕ੍ਰੌਸ ਕਨੈਕਸ਼ਨ ਪੋਏਟ੍ਰੀ ↗

ਕਵਿਤਾ ਨੂੰ ਬੰਦ ਕਮਰਿਆਂ 'ਚੋਂ ਕੱਢਣ ਲਈ ਕ੍ਰੌਸ ਕਨੈਕਸ਼ਨ ਪੋਏਟ੍ਰੀ ਦੀ ਸ਼ੁਰੂਆਤ, ਜਿਸ ਵਿੱਚ ਸ਼ਹਿਰ ਦੇ ਲੋਕ ਚੰਡੀਗੜ੍ਹ ਦੇ ਮੈਦਾਨਾਂ 'ਚ ਕਵਿਤਾ ਸੁਣਾਉਣ ਲੱਗੇ।

ਲਾਹੌਰ ਨੂੰ ਚਿੱਠੀਆਂ ↗

ਭਾਰਤ-ਪਾਕਿਸਤਾਨ ਦੇ ਤਨਾਅ ਸਮੇਂ ਚੰਡੀਗੜ੍ਹ ਦੇ ਇੱਕ ਢਾਬੇ ਨੇ ਆਪਣੇ ਨਾਂ 'ਚੋਂ ਲਾਹੌਰੀ ਹਟਾ ਕੇ ਲਖਨਵੀ ਕੀਤਾ। ਏਮੀ ਨੇ ਵੱਧਦੀ ਨਫ਼ਰਤ ਦੇ ਜਵਾਬ 'ਚ ਸ਼ਹਿਰ ਲਾਹੌਰ ਦੇ ਨਾਂ ਚਿੱਠੀਆਂ ਭੇਜੀਆਂ। ਜਦ ਗੱਲ ਫੈਲੀ, ਹੋਰਾਂ ਨੇ ਵੀ ਚਿੱਠੀਆਂ ਪਾਈਆਂ। ਜਲਦੀ ਹੀ ਲਾਹੌਰ ਵਲੋਂ ਵੀ ਭਾਰਤੀਆਂ ਨੂੰ ਜਵਾਬੀ ਚਿੱਠੀਆਂ ਆਈਆਂ। ਹੁਣ ਹਰ ਸਾਲ ਅਗਸਤ 'ਚ ਦੋਹਾਂ ਪਾਸਿਓਂ ਚਿੱਠੀਆਂ ਭੇਜੀਆਂ ਜਾਂਦੀਆਂ ਹਨ।

ਪੰਜਾਬੀ, ਹਿੰਦੀ ਤੇ ਅੰਗਰੇਜ਼ੀ 'ਚ ਲਿਖਣ ਵਾਲੇ ਏਮੀ ਸਿੰਘ ਜੀਵਨ ਦੀਆਂ ਕੁੱਝ ਝਲਕੀਆਂ ਇਹ ਹਨ:

ਉਮਰ 6 ਸਾਲ: ਏਮੀ ਨੇ ਕਿਸੇ ਨੂੰ ਫੁੱਲ ਤੋੜਦਿਆਂ ਵੇਖਿਆ ਤੇ ਸੋਚਿਆ ਕਿ ਵਿਚਾਰੇ ਫੁੱਲ ਨੂੰ ਕਿੰਨਾ ਦਰਦ ਹੋਇਆ ਹੋਊ। ਇਸੇ ਦਰਦ ਵਾਰੇ ਉਹਨਾਂ ਨੇ ਪਹਿਲੀ ਕਵਿਤਾ ਬੁਣੀ, ਜੋ ਉਹਨਾਂ ਦੇ ਮਾਂ ਨੇ ਦਰਜ ਕੀਤੀ।

ਉਮਰ 13-14 ਸਾਲ: ਅੰਮ੍ਰਿਤਸਰ ਦੇ ਹਸਪਤਾਲ 'ਚ ਉਹਨਾਂ ਦੇ ਮਾਂ ਕੈਂਸਰ ਦਾ ਇਲਾਜ ਕਰਵਾ ਰਹੇ ਸਨ। ਇੱਥੇ ਹੀ ਏਮੀ ਨੇ ਸੀਮਾ ਪਾਰ ਦੇ ਲਾਹੌਰ ਦਾ ਰੇਡੀਓ ਸਟੇਸ਼ਨ ਸੁਣਿਆ। ਉਹਨਾਂ ਦੇ ਨਾਨਾ ਜੀ (ਦਾਰ ਜੀ) ਉੱਥੋਂ ਦੇ ਹੀ ਸਨ।

ਉਮਰ 16 ਕੁ ਸਾਲ: ਕੈਂਸਰ ਦੀ ਵਜ੍ਹਾ ਨਾਲ ਏਮੀ ਦੇ ਮਾਂ ਦਾ ਦੇਹਾਂਤ ਹੋਇਆ।

ਉਮਰ 23 ਕੁ ਸਾਲ: ਪਹਿਲੀ ਵਾਰ ਮੰਚ 'ਤੋਂ ਆਪਣੀ ਲਿਖੀ ਕਵਿਤਾ ਸੁਣਾਈ।

ਅਗਸਤ, 2015: ਇਸ ਸਾਲ ਉਹਨਾਂ ਬਹੁਤ ਮੁਸੀਬਤਾਂ ਝੱਲੀਆਂ। ਉਹਨਾਂ ਨੂੰ ਲੰਮੇ ਸਮੇਂ ਤੱਕ ਹਿੰਸਾ ਦਾ ਸ਼ਿਕਾਰ ਹੋਣਾ ਪਿਆ। ਇਸ ਸਭ ਦਾ ਉਹਨਾਂ ਦੇ ਦਿਮਾਗ 'ਤੇ ਬਹੁਤ ਬੁਰਾ ਅਸਰ ਹੋਇਆ ਜਿਸ ਕਰਕੇ ਉਹਨਾਂ ਨੂੰ ਦਿਮਾਗੀ ਤਨਾਅ ਤੇ ਪੀ. ਐਸ. ਟੀ. ਡੀ. (ਮਾਨਸਿਕ ਰੋਗ) ਵੀ ਸਹਿਣਾ ਪਿਆ।

ਅਗਸਤ, 2015: ਇਸ ਸਭ ਦੌਰਾਨ ਹੀ ਇੱਕ ਸੜਕ ਹਾਦਸੇ ਵਿੱਚ ਉਹਨਾਂ ਦੇ ਦਿਮਾਗ ਨੂੰ ਗੰਭੀਰ ਸੱਟ ਲੱਗੀ ਤੇ ਉਹਨਾਂ ਦੀਆਂ ਅੱਖਾਂ ਨੂੰ ਰੰਗ ਦਿਖਣੇ ਬੰਦ ਹੋ ਗਏ। ਕਈ ਮਹੀਨੇ ਬਿਮਾਰ ਰਹੇ।

ਦਿਸੰਬਰ, 2016: ਭਾਰਤ-ਪਾਕਿਸਤਾਨ ਦੇ ਤਨਾਅ ਸਮੇਂ ਚੰਡੀਗੜ੍ਹ ਦੇ ਇੱਕ ਢਾਬੇ ਨੇ ਆਪਣੇ ਨਾਂ 'ਚੋਂ ਲਾਹੌਰੀ ਹਟਾ ਕੇ ਲਖਨਵੀ ਕੀਤਾ। ਏਮੀ ਨੇ ਵੱਧਦੀ ਨਫ਼ਰਤ ਦੇ ਜਵਾਬ 'ਚ ਸ਼ਹਿਰ ਲਾਹੌਰ ਦੇ ਨਾਂ ਚਿੱਠੀਆਂ ਭੇਜੀਆਂ। ਜਦ ਗੱਲ ਫੈਲੀ, ਹੋਰਾਂ ਨੇ ਵੀ ਚਿੱਠੀਆਂ ਪਾਈਆਂ। ਜਲਦੀ ਹੀ ਲਾਹੌਰ ਵਲੋਂ ਵੀ ਭਾਰਤੀਆਂ ਨੂੰ ਜਵਾਬੀ ਚਿੱਠੀਆਂ ਆਈਆਂ। ਹੁਣ ਹਰ ਸਾਲ ਅਗਸਤ 'ਚ ਦੋਹਾਂ ਪਾਸਿਓਂ ਚਿੱਠੀਆਂ ਭੇਜੀਆਂ ਜਾਂਦੀਆਂ ਹਨ।





ਜਨਵਰੀ, 2017: ਟੈਡ-ਐਕਸ ਚੰਡੀਗੜ੍ਹ ਦੇ ਸਮਾਰੋਹ 'ਚ ਆਪਣੇ ਪਿਛਲੇ ਸਾਲ ਦੇ ਉਤਾਰ-ਚੜ੍ਹਾਅ ਵਾਰੇ ਲੋਕਾਂ ਨੂੰ ਦੱਸਿਆ।

ਮਾਰਚ, 2017: ਵਿਸ਼ਵ ਕਵਿਤਾ ਦਿਵਸ 'ਤੇ ਉਹਨਾਂ ਨੇ ਸੈਕਟਰ-17 'ਚ ਅਣਜਾਣ ਰਾਹੀਗਰਾਂ ਨੂੰ ਕਵਿਤਾ ਸੁਣਾਈਆਂ।

ਅਪ੍ਰੈਲ, 2017: ਕਵਿਤਾ ਨੂੰ ਬੰਦ ਕਮਰਿਆਂ 'ਚੋਂ ਕੱਢਣ ਲਈ ਕ੍ਰੌਸ ਕਨੈਕਸ਼ਨ ਪੋਏਟ੍ਰੀ ਦੀ ਸ਼ੁਰੂਆਤ, ਜਿਸ ਵਿੱਚ ਸ਼ਹਿਰ ਦੇ ਲੋਕ ਚੰਡੀਗੜ੍ਹ ਦੇ ਮੈਦਾਨਾਂ 'ਚ ਕਵਿਤਾ ਸੁਣਾਉਣ ਲੱਗੇ।

ਮਈ, 2017: ਆਪਣੇ ਦੋਸਤ ਅਨਮ ਨਰੂਲਾ ਦੇ ਕੈਂਸਰ ਦੇ ਇਲਾਜ ਲਈ ਧਨਰਾਸ਼ੀ ਜੁਟਾਉਣ ਲਈ ਕਵਿਤਾ ਲਿੱਖ ਕੇ ਵੇਚਣੀ ਸ਼ੁਰੂ ਕੀਤੀਆਂ। ਉਹਨਾਂ ਦੇ ਜਜ਼ਬੇ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਨੇ ਆਰਥਿਕ ਮੱਦਦ ਕੀਤੀ ਤੇ ਇਲਾਜ ਸਫਲ ਹੋਇਆ।

ਅਗਸਤ, 2017: ਚੰਡੀਗੜ੍ਹ ਦੇ "ਗੇੜੀ ਰੂਟ" 'ਤੇ ਔਰਤਾਂ ਨੂੰ ਤੰਗ ਕਰਨ ਦੀ ਘਟਨਾਵਾਂ ਵਧੀਆਂ ਤੇ ਖ਼ੌਫ਼ ਦਾ ਮਾਹੌਲ ਬਣਨ ਲੱਗਾ। ਜਵਾਬ 'ਚ ਏਮੀ ਨੇ ਸਾਥੀਆਂ ਨਾਲ ਬੇਖ਼ੌਫ਼ ਆਜ਼ਾਦੀ ਮਾਰਚ ਕੱਢਿਆ ਜਿਸ 'ਚ ਦੇਰ ਰਾਤ ਸੈਂਕੜੇ ਔਰਤਾਂ ਸੜਕਾਂ 'ਤੇ ਆਈਆਂ ਤੇ ਗੇੜੀ ਰੂਟ ਦਾ ਨਾਂ 'ਆਜ਼ਾਦੀ ਰੂਟ' ਰੱਖਿਆ ਗਿਆ।

ਸਤੰਬਰ, 2017: ਇੱਕ ਹੋਰ ਦੁਰਘਟਨਾ ਕਰਕੇ ਅਗਲੇ ਛੇ ਮਹੀਨੇ ਉਹਨਾਂ ਦਾ ਤੁਰਨਾ ਬੰਦ ਹੋ ਗਿਆ।

ਮਾਰਚ, 2018: ਉਹਨਾਂ ਨੇ ਮੁੜ ਸ਼ਹਿਰ ਦੇ ਮੈਦਾਨਾਂ 'ਚ ਕਵਿਤਾ ਦੇ ਦੌਰ ਸ਼ੁਰੂ ਕੀਤੇ।

ਵਰਤਮਾਨ ਵਿੱਚ ਸਿੱਖਿਆ (ਅਲਟਰਨੇਟ ਐਜੂਕੇਸ਼ਨ) ਦੇ ਖੇਤਰ ਵਿੱਚ ਕੰਮ ਕਰ ਰਹੇ ਹਨ। ■

